


ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਸੋਮਵਾਰ, 30 ਦਸੰਬਰ 2024
Email:- lokbani08@gmail.com




R. N. I. Punpun/29016/2008 ✶ ਸਾਲ 16 , ✶ ਅੰਕ : 143, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111




## ਦੁਨੀਆਂ ਦੀ ਸਭ ਤੋਂ ਤੇਜ਼ ਟਰੇਨ ਚਲਾਈ ਚੀਨ ਨੇ

**ਬੀਜਿੰਗ, ਲੋਕ ਬਾਣੀ** -ਚੀਨ ਨੇ ਆਪਣੀ ਹਾਈ ਸਪੀਡ ਬੁਲੇਟ ਟਰੇਨ ਦੇ ਅਪਡੇਟ ਕੀਤੇ ਮਾਡਲ ਦਾ ਉਦਘਾਟਨ ਕੀਤਾ। ਟਰੇਨ ਦੇ ਨਿਰਮਾਤਾ ਦਾ ਦਾਅਵਾ ਹੈ ਕਿ ਟੈਸਟਿੰਗ ਦੌਰਾਨ ਇਸ ਦੀ ਸਪੀਡ 450 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਗਈ, ਜਿਸ ਨਾਲ ਇਹ ਦੁਨੀਆ ਦੀ ਸਭ ਤੋਂ ਤੇਜ਼ ਹਾਈ ਸਪੀਡ ਟਰੇਨ ਬਣ ਗਈ। ਨਵਾਂ ਮਾਡਲ ਯਾਤਰਾ ਦੇ ਸਮੇਂ ਨੂੰ ਹੋਰ ਘਟਾਏਗਾ ਅਤੇ ਕਨੈਕਟੀਵਿਟੀ ਵਿਚ ਸੁਧਾਰ ਕਰੇਗਾ, ਜਿਸ ਨਾਲ ਯਾਤਰੀਆਂ ਲਈ ਯਾਤਰਾ ਵਧੇਰੇ ਸੁਵਿਧਾਜਨਕ ਹੋਵੇਗੀ।



ਸਰਕਾਰੀ ਮੀਡੀਆ ਨੇ ਇੱਥੇ ਦੱਸਿਆ ਕਿ ਸੀ.ਆਰ. 450 ਪ੍ਰੋਟੋਟਾਈਪ ਦੀ ਟੈਸਟ ਸਪੀਡ 450 ਕਿਲੋਮੀਟਰ ਪ੍ਰਤੀ ਘੰਟਾ ਦਰਜ ਕੀਤੀ ਗਈ ਸੀ।

## ਗੁਜਰਾਤ ਵਿਚ ਜ਼ਹਿਰੀਲੀ ਗੈਸ ਹਾਦਸੇ ਵਿੱਚ ਚਾਰ ਦੀ ਹੋਈ ਮੌਤ


**ਭਰੂਚ,ਲੋਕ ਬਾਣੀ-** ਗੁਜਰਾਤ ਦੇ ਭਰੂਚ ਜ਼ਿਲ੍ਹੇ ਦੇ ਦਹੇਜ ਸਥਿਤ ਇੱਕ ਕੈਮੀਕਲ ਪਲਾਂਟ 'ਚੋਂ ਜ਼ਹਿਰੀਲੀ ਗੈਸ ਰਿਸਣ ਕਾਰਨ ਚਾਰ ਕਰਮਚਾਰੀਆਂ ਦੀ ਮੌਤ ਹੋ ਗਈ। ਕੰਪਨੀ ਨੇ ਕਿਹਾ ਕਿ ਚਾਰਾਂ ਦਾ ਤੁਰੰਤ ਇਲਾਜ ਕੀਤਾ ਗਿਆ ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਕੰਪਨੇ ਨੇ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 30 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਦਹੇਜ ਥਾਣੇ ਦੇ ਇੰਸਪੈਕਟਰ ਬੀਐੱਸ ਪਾਟੀਦਾਰ ਨੇ




ਦੱਸਿਆ ਕਿ ਸ਼ਨਿੱਚਰਵਾਰ ਰਾਤ ਕਰੀਬ 10 ਵਜੇ 'ਗੁਜਰਾਤ ਫਲੋਰੋਕੈਮੀਕਲ ਲਿਮਟਿਡ' (ਜੀਐੱਫਐੱਲ) ਦੀ ਇੱਕ ਉਤਪਾਦ ਇਕਾਈ ਵਿੱਚ ਪਾਈਪ ਵਿੱਚੋਂ ਜ਼ਹਿਰੀਲੀ ਗੈਸ ਰਿਸਣ ਕਾਰਨ ਲਪੇਟ 'ਚ ਆਏ ਕਰਮਚਾਰੀ ਬੇਹੋਸ਼ ਹੋ ਗਏ।

## ਹਵਾਈ ਜਹਾਜ਼ ਵਿਚ ਵਾਪਰੀਆਂ ਭਿਆਨਕ ਹਾਦਸਾ 179 ਲੋਕਾਂ ਦੀ ਹੋਈ ਮੌਤ

**ਸਿਓਲ, ਲੋਕ ਬਾਣੀ-** ਦੱਖਣੀ ਕੋਰੀਆ ਦੇ ਦੱਖਣ-ਪੱਛਮ ਵਿਚ ਮੁਆਨ ਕਾਊਂਟੀ ਵਿਚ ਅੱਜ ਸਵੇਰੇ ਮੁਆਨ ਕੌਮਾਂਤਰੀ ਹਵਾਈ ਅੱਡੇ ਉੱਤੇ ਲੈਂਡਿੰਗ ਮੌਕੇ ਜੇਜੂ ਏਅਰ ਦਾ ਹਵਾਈ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿਚ 179 ਵਿਅਕਤੀਆਂ ਦੀ ਮੌਤ ਹੋ ਗਈ। ਜਹਾਜ਼ ਵਿਚ ਅਮਲੇ ਸਣੇ 181 ਵਿਅਕਤੀ ਸਵਾਰ ਸਨ। ਜਹਾਜ਼ ਵਿੱਚ ਸਵਾਰ ਸਿਰਫ਼ ਦੋ ਯਾਤਰੀ ਹੀ ਜ਼ਿੰਦਾ ਮਿਲੇ ਹਨ। ਲੈਂਡਿੰਗ ਮਗਰੋਂ ਜਹਾਜ਼ ਰਨਵੇਅ ਤੋਂ ਤਿਲਕ ਕੇ ਇਕ ਬੈਰੀਅਰ (ਕੰਧ) ਨਾਲ ਜਾ ਟਕਰਾਇਆ ਤੇ



ਇਸ ਨੂੰ ਅੱਗ ਲੱਗ ਗਈ। ਹਾਦਸਾ ਸਵੇਰੇ 9:07 ਵਜੇ ਦੇ ਕਰੀਬ ਹੋਇਆ। ਮੁਆਨ ਕਾਊਂਟੀ ਸਿਓਲ ਤੋਂ 280 ਕਿਲੋਮੀਟਰ ਦੱਖਣ-ਪੱਛਮ ਵਿਚ ਹੈ। ਦੇਸ਼ ਦੇ ਹੰਗਾਮੀ ਹਾਲਾਤ ਬਾਰੇ ਦਫ਼ਤਰ ਨੇ ਕਿਹਾ ਕਿ ਜਹਾਜ਼ ਦਾ ਲੈਂਡਿੰਗ ਗਿਅਰ ਖਰਾਬ ਹੋ ਗਿਆ ਸੀ।

## ਅੱਜ ਪੰਜਾਬ ਚ ਬੰਦ ਕਿਥੇ ਕਿਥੇ ਹੋਵੇਗਾ ਪ੍ਰਦਰਸ਼ਨ

ਜਲੰਧਰ, ਬਿੱਟੂ ਫੋਲੜੀਵਾਲ-ਕੱਲ੍ਹ ਕਿਸਾਨ ਮਜ਼ਦੂਰ ਜਥੇਬੰਦੀਆਂ ਵਲੋਂ ਪੰਜਾਬ ਬੰਦ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਵਿਚ ਇਨ੍ਹਾਂ ਸਥਾਨਾਂ ਉਤੇ ਬੰਦ ਰੱਖਿਆ ਜਾਵੇਗਾ, ਜੋ ਸਥਾਨ ਹੇਠ ਲਿਖੇ ਹਨ। ਜ਼ਿਲ੍ਹਾ ਅੰਮ੍ਰਿਤਸਰ ਵਿਚ : ਕੋਟਲਾ ਗੁੱਜਰਾਂ, ਪੰਧੇਰ ਕਲਾਂ (ਰੇਲ ਸੜਕ) ਵਡਾਲਾ, ਵਿਸ਼ੋਆ, ਰਾਮਤੀਰਥ, ਲੋਪੋਕੇ, ਕੱਕੜ, ਬੱਚੀਵਿੰਡ, ਚੋਗਾਵਾਂ, ਭੀਲੋਵਾਲ, ਟੋਲ ਪਲਾਜ਼ਾ ਸ਼ਿੱਡਣ,




ਰਾਜਾਤਾਲ, ਬੋਹਰੂ, ਚੱਬਾ, ਬਾਸਰਕੇ, ਬੰਡਾਲਾ, ਟੋਲ ਪਲਾਜ਼ਾ ਮਾਨਾਂਵਾਲਾ, ਨਿਰਜਨਪੁਰਾ (ਅੰਮ੍ਰਿਤਸਰ ਹਾਈਵੇਅ), ਬਿਆਸ ਸਟੇਸ਼ਨ, ਬੁਤਾਲਾ, ਮਹਿਤਾ ਚੌਂਕ, ਖ਼ੁਜਾਲਾ ਅੱਡਾ

## ਕਾਂਗਰਸ ਦੀ ਵਿਧਾਇਕ ਸਟੇਡੀਅਮ ਦੀ ਗੈਲਰੀ ਵਿਚੋਂ ਡਿੱਗੀ

**ਕੋਚੀ,ਲੋਕ ਬਾਣੀ--**ਕੇਰਲਾ ਦੇ ਕੋਚੀ ਵਿੱਚ ਥ੍ਰੀਕਕਾਕਾਰਾ ਤੋਂ ਕਾਂਗਰਸ ਦੀ ਵਿਧਾਇਕਾ ਉਮਾ ਥਾਮਸ ਐਤਵਾਰ ਸ਼ਾਮ ਨੂੰ ਜਵਾਹਰ ਲਾਲ ਨਹਿਰੂ ਅੰਤਰਰਾਸ਼ਟਰੀ ਸਟੇਡੀਅਮ ਦੀ ਗੈਲਰੀ ਤੋਂ ਡਿੱਗਣ ਤੋਂ ਬਾਅਦ ਸਿਰ ਅਤੇ ਰੀੜ ਦੀ ਹੱਡੀ 'ਤੇ ਸੱਟ ਲੱਗਣ ਕਾਰਨ ਗੰਭੀਰ ਹਾਲਤ ਵਿੱਚ ਹੈ। ਬੁਰੀ ਤਰ੍ਹਾਂ ਖ਼ੂਨ ਵਹਿ ਰਹੇ ਕਾਰਨ ਵਿਧਾਇਕਾ ਨੂੰ ਵਾਲੰਟੀਅਰਾਂ



ਅਤੇ ਹੋਰਾਂ ਨੇ ਸਟੇਡੀਅਮ ਨੇੜਲੇ ਨਿੱਜੀ ਹਸਪਤਾਲ ਪਹੁੰਚਾਇਆ। ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਵਿਧਾਇਕਾ ਦੀ ਹਾਲਤ ਨਾਜ਼ੁਕ ਹੈ

## ਡੱਲੇਵਾਲ ਵਲੋਂ ਕਿਸਾਨਾਂ ਨੂੰ ਇਕੱਠੇ ਹੋਣ ਦੀ ਅਪੀਲ

**ਪਟਿਆਲਾ/ਪਾਤੜਾਂ ਲੋਕ ਬਾਣੀ-** ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਇੱਕ ਵੀਡੀਓ ਸੁਨੇਹਾ ਜਾਰੀ ਕਰਕੇ ਕਿਸਾਨਾਂ ਨੂੰ ਢਾਬੀਗੁਜਰਾਂ/ਖਨੌਰੀ ਬਾਰਡਰ 'ਤੇ ਪਹੁੰਚਣ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਕੀਤੀ ਗਈ ਹਦਾਇਤ ਦੇ ਚੱਲਦਿਆਂ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਮਦਦ ਨਾਲ



ਧਾਵਾ ਬੋਲ ਕੇ ਉਨ੍ਹਾਂ ਨੂੰ ਚੁੱਕਣ ਦੀ ਤਿਆਰੀ ਕਰਨ ਦਾ ਪਤਾ ਲੱਗਾ ਹੈ, ਜਿਸ ਕਰਕੇ ਲੋਕਾਂ ਨੂੰ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ 'ਚ ਢਾਬੀਗੁੱਜਰਾਂ ਬਾਰਡਰ 'ਤੇ ਪਹੁੰਚਣ।

## ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

ਨਵੇਂ ਸਾਲ ਮੌਕੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਇਸ਼ਤਿਹਾਰ ਅਤੇ ਛਪਣਯੋਗ ਸਮਗਰੀ ਦੇਣ ਲਈ ਸਾਡੇ ਫਗਵਾੜਾ ਤੋਂ ਪਤਰਕਾਰ ਨਾਲ ਸੰਪਰਕ ਕਰੋ
ਸੁਸ਼ੀਲ ਸ਼ਰਮਾ ਪਤਰਕਾਰ ਲੋਕ ਬਾਣੀ ਫਗਵਾੜਾ

## ਨੌਕਰੀ ਦੀ ਆਸ ਵਿਚ ਭਰਤੀ ਹੋਣ ਆਏ ਨੌਜਵਾਨਾ ਤੇ ਪੁਲੀਸ ਨੇ ਕੀਤਾ ਲਾਠੀਚਾਰਜ

**ਪਟਨਾ, ਲੋਕ ਬਾਣੀ-** ਇੱਥੇ ਅੱਜ ਗਾਂਧੀ ਮੈਦਾਨ ਵਿੱਚ 70ਵੀਂ ਸਾਂਝੀ ਮੁਕਾਬਲਾ ਪ੍ਰੀਖਿਆ (ਸੀਸੀਈ) ਮੁੜ ਤੋਂ ਕਰਵਾਉਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਬਿਹਾਰ ਲੋਕ ਸੇਵਾ ਕਮਿਸ਼ਨ (ਬੀਪੀਐੱਸਸੀ) ਦੇ ਉਮੀਦਵਾਰਾਂ 'ਤੇ ਪੁਲੀਸ ਵੱਲੋਂ ਜਲ ਤੋਪਾਂ ਦਾ ਇਸਤੇਮਾਲ ਕੀਤੇ ਜਾਣ ਤੋਂ ਇਲਾਵਾ ਲਾਠੀਚਾਰਜ ਵੀ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ 13 ਦਸੰਬਰ ਨੂੰ ਹੋਈ ਪ੍ਰੀਖਿਆ ਵਿੱਚ ਕਥਿਤ ਬੇਨੇਮੀਆਂ ਨੂੰ ਲੈ ਕੇ ਅੱਜ ਇੱਥੋਂ ਦੇ ਗਾਂਧੀ ਮੈਦਾਨ ਵਿੱਚ ਹਜ਼ਾਰਾਂ



ਵਿਦਿਆਰਥੀ ਇਕੱਠੇ ਹੋਏ। ਉਨ੍ਹਾਂ ਇੱਥੇ ਪ੍ਰਦਰਸ਼ਨ ਕਰਨ ਤੋਂ ਬਾਅਦ ਜੇਪੀ ਗੋਲਾਂਬਰ ਵੱਲ ਮਾਰਚ ਸ਼ੁਰੂ ਕਰ ਦਿੱਤਾ।

## ਪੰਜਾਬ ਬੰਦ ਲਈ ਕਿਸਾਨਾਂ ਕੀਤੀ ਪੂਰੀ ਤਿਆਰੀ

**ਚੰਡੀਗੜ੍ਹ, ਵਿਨੋਦ ਸ਼ਰਮਾ** --ਭਲਕੇ ਪੰਜਾਬ ਬੰਦ ਨੂੰ ਲੈ ਕੇ ਅੱਜ ਖ਼ਨੌਰੀ ਬਾਰਡਰ ਤੇ ਕਿਸਾਨਾਂ ਵਲੋਂ ਵੱਡੀ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਕਿਸਾਨਾਂ ਨੇ ਕਿਹਾ ਕਿ ਪੰਜਾਬ ਬੰਦ ਦੀ ਪੂਰੀ ਤਿਆਰੀ ਕਰ ਲਈ ਗਈ ਹੈ ਪਰ ਕੇਂਦਰ ਸਰਕਾਰ ਇਸ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮੌਕੇ ਕਿਸਾਨ ਆਗੂ ਕੋਹਾੜ ਨੇ ਕਿਹਾ ਕਿ ਅਸੀਂ ਸੁਪਰੀਮ ਕਰੋਟ ਦੇ ਜੱਜਾਂ ਅਤੇ




ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖ ਚੁੱਕੇ ਹਾਂ ਪਰ ਸਾਡੀ ਚਿੱਠੀ ਦਾ ਕਿਸੇ ਵਲੋਂ ਕੋਈ ਜਵਾਬ ਨਹੀਂ ਆਇਆ।




ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 9915594111

# ਦੱਖਣੀ ਕੋਰੀਆ ਚ ਜਹਾਜ਼ ਹਾਦਸਾ, ਹੁਣ ਤੱਕ 177 ਲੋਕਾਂ ਦੀ ਹੋਈ ਮੌਤਾਂ



ਦੱਖਣੀ ਕੋਰੀਆ ਦੇ ਮੁਆਨ ਹਵਾਈ ਅੱਡੇ ਤੇ ਜੇਜੂ ਏਅਰ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਸਮਾਚਾਰ ਏਜੰਸੀ ਏਪੀ ਦੇ ਅਨੁਸਾਰ, ਜਹਾਜ਼ ਵਿੱਚ 175 ਯਾਤਰੀਆਂ ਅਤੇ ਚਾਲਕ ਦਲ ਦੇ 6 ਮੈਂਬਰਾਂ ਸਮੇਤ 181 ਲੋਕ ਸਵਾਰ ਸਨ। 177 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

ਬਚਾਅ ਦਲ ਨੇ ਦੋ ਲੋਕਾਂ ਨੂੰ ਜ਼ਿੰਦਾ ਬਚਾਇਆ। ਬਾਕੀ ਦੋ ਯਾਤਰੀਆਂ ਦੇ ਵੀ ਮਾਰੇ ਜਾਣ ਦਾ ਖਦਸ਼ਾ ਹੈ। ਮਰਨ ਵਾਲਿਆਂ ਵਿੱਚ 82 ਪੁਰਸ਼ ਅਤੇ 84 ਔਰਤਾਂ ਸਨ। ਅਜੇ ਤੱਕ 11 ਲਾਸ਼ਾਂ ਦੀ ਪਛਾਣ ਨਹੀਂ ਹੋ ਸਕੀ ਹੈ।

ਹਾਦਸਾ ਐਤਵਾਰ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 5:37 ਵਜੇ (ਸਥਾਨਕ ਸਮੇਂ ਅਨੁਸਾਰ 9:07 ਵਜੇ) ਵਾਪਰਿਆ। ਬੈਂਕਾਕ ਤੋਂ ਆ ਰਿਹਾ ਜਹਾਜ਼ ਏਅਰਪੋਰਟ ਤੇ ਲੈਂਡ ਕਰਨ ਵਾਲਾ ਸੀ ਪਰ ਲੈਂਡਿੰਗ ਗੀਅਰ ਚ ਖਰਾਬੀ ਕਾਰਨ ਜਹਾਜ਼ ਦੇ ਪਹੀਏ ਨਹੀਂ ਖੁੱਲ੍ਹੇ।

ਜਹਾਜ਼ ਦੀ ਬੇਲੀ ਲੈਂਡਿੰਗ ਐਮਰਜੈਂਸੀ ਵਿੱਚ ਕੀਤੀ ਗਈ। ਇਸ ਚ ਜਹਾਜ਼ ਦੀ ਬਾਡੀ ਸਿੱਧੇ ਰਨਵੇ ਨਾਲ ਟਕਰਾ ਜਾਂਦੀ ਹੈ। ਇਸ ਦੌਰਾਨ ਜਹਾਜ਼ ਰਨਵੇ ਤੇ ਫਿਸਲ ਗਿਆ ਅਤੇ ਹਵਾਈ ਅੱਡੇ ਦੀ ਚਾਰਦੀਵਾਰੀ ਨਾਲ ਟਕਰਾ ਗਿਆ। ਧਮਾਕੇ ਨਾਲ ਇਸ ਨੂੰ ਅੱਗ ਲੱਗ ਗਈ। ਇੱਥੇ ਰਾਇਟਰਜ਼ ਨੇ ਦੱਸਿਆ ਹੈ ਕਿ ਹਾਦਸੇ ਤੋਂ ਪਹਿਲਾਂ ਮੁਆਨ ਹਵਾਈ ਅੱਡੇ ਦੇ ਏਅਰ ਟ੍ਰੈਫਿਕ ਕੰਟਰੋਲਰ (ਏ.ਟੀ.ਸੀ.) ਤੋਂ ਜਹਾਜ਼ ਨਾਲ ਪੰਛੀਆਂ ਦੇ ਟਕਰਾਉਣ ਬਾਰੇ ਅਲਰਟ ਭੇਜਿਆ ਗਿਆ ਸੀ। ਇਹ ਵੀ ਜਹਾਜ਼ ਦੇ ਲੈਂਡਿੰਗ ਗੀਅਰ ਚ ਖਰਾਬੀ ਦਾ ਕਾਰਨ ਹੋ ਸਕਦਾ ਹੈ।

# ਕਿਸਾਨਾਂ ਵੱਲੋਂ ਪੰਜਾਬ ਬੰਦ ਦੇ ਸਮਰਥਨ ਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੇ ਅਦਾਰੇ ਭਲਕੇ 30 ਦਸੰਬਰ ਨੂੰ ਰਹਿਣਗੇ ਬੰਦ




ਅੰਮ੍ਰਿਤਸਰ- ਕਿਸਾਨ ਜਥੇਬੰਦੀਆਂ ਵਲੋਂ ਭਲਕੇ 30 ਦਸੰਬਰ ਨੂੰ ਪੰਜਾਬ ਬੰਦ ਦੇ ਸੱਦੇ ਦੇ ਸਮਰਥਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਦਫ਼ਤਰ ਅਤੇ ਅਦਾਰੇ ਬੰਦ ਰਹਿਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਸਾਨੀ ਸੰਘਰਸ਼ ਦੇ ਸਮਰਥਨ ਚ ਇਹ ਫ਼ੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੀ 30 ਦਸੰਬਰ ਨੂੰ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵੀ 31 ਦਸੰਬਰ ਤੇ ਕਰ ਦਿੱਤੀ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਆਪਣਾ ਅੜੀਅਲ ਰਵੱਈਆ ਛੱਡ ਕੇ ਤਰਜੀਹੀ ਪੱਧਰ ਉੱਤੇ ਕਿਸਾਨਾਂ ਦੀਆਂ ਮੰਗਾਂ ਨੂੰ ਮੰਨਣਾ ਚਾਹੀਦਾ ਹੈ।

# ਜਹਾਜ਼ ਉਤਰਨ ਸਮੇਂ ਪਿਆ ਤਕਨੀਕੀ ਨੁਕਸ,ਹੋਇਆ ਹਾਦਸਾ ਗ੍ਰਸਤ ਲੱਗੀ ਅੱਗ



(ਲੋਕ ਬਾਣੀ)- ਕੈਨੇਡਾ ਦੇ ਵੈਨਕੂਵਰ ਵਿੱਚ ਹੈਲੀਫੈਕਸ ਹਵਾਈ ਅੱਡੇ 'ਤੇ ਕੈਨੇਡਾ ਦੀ ਪਾਲ ਏਅਰਲਾਈਨ ਦਾ ਜਹਾਜ਼ ਲੈਂਡਿੰਗ ਮੌਕੇ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਦੇ ਇੱਕ ਹਿੱਸੇ ਨੂੰ ਅੱਗ ਲੱਗ ਗਈ, ਪਰ ਇਸ ਦੌਰਾਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਹਾਦਸੇ ਕਰਕੇ ਹੈਲੀਫੈਕਸ ਹਵਾਈ ਅੱਡੇ ਨੂੰ ਸ਼ਨਿੱਚਰਵਾਰ ਰਾਤੀਂ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ। ਇਹ ਹਾਦਸਾ ਦੱਖਣੀ ਕੋਰੀਆ ਦੇ ਮੁਆਨ ਕੌਮਾਂਤਰੀ ਹਵਾਈ ਅੱਡੇ 'ਤੇ ਹੋਏ ਮਿਲਦੇ ਜੁਲਦੇ ਹਾਦਸੇ, ਜਿਸ ਵਿਚ 179 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਹੈ, ਤੋਂ ਕੋਈ ਦੋ ਘੰਟੇ ਬਾਅਦ ਹੋਇਆ।

ਜਾਣਕਾਰੀ ਅਨੁਸਾਰ ਏਅਰ ਕੈਨੇਡਾ ਦੀ ਫਲਾਈਟ ਨੰਬਰ 2259, ਜਿਸ ਦਾ ਸੰਚਾਲਣ ਪਾਲ ਏਅਰਲਾਈਨ ਵਲੋਂ ਕੀਤਾ ਜਾ ਰਿਹਾ ਸੀ, ਨਿਊ ਫਾਊਂਡਲੈਂਡ ਤੋਂ ਉਡਾਣ ਭਰਕੇ ਸਵਾਰੀਆਂ ਸਮੇਤ ਹੈਰੀਫੈਕਸ ਹਵਾਈ ਅੱਡੇ ਉੱਤੇ ਪਹੁੰਚੀ ਸੀ। ਇਸ ਦੌਰਾਨ ਉਤਰਨ ਮੌਕੇ ਜਹਾਜ਼ ਦੇ ਲੈਂਡਿੰਗ ਗੇਅਰ ਵਿਚ ਪਏ ਤਕਨੀਕੀ ਨੁਕਸ ਕਰਕੇ ਉਡਾਣ ਜ਼ਮੀਨ 'ਤੇ ਨਾ ਲੱਗ ਸਕੀ। ਜਹਾਜ਼ ਹਵਾਈ ਪੱਟੀ ਤੋਂ ਖਿਸਕ ਕੇ ਮਿੱਟੀ ਵਿੱਚ ਜਾ ਫਸਿਆ ਤੇ ਉਸ ਦੇ ਇੱਕ ਹਿੱਸੇ ਨੂੰ ਅੱਗ ਲੱਗ ਗਈ। ਪਾਇਲਟ ਵੱਲੋਂ ਪਹਿਲਾਂ ਹੀ ਸੁਚੇਤ ਕੀਤੇ ਅੱਗ ਬੁਝਾਊ ਤੇ ਬਚਾਅ ਅਮਲੇ ਨੇ ਅੱਗ 'ਤੇ ਕਾਬੂ ਪਾ ਲਿਆ ਤੇ ਸਾਰੇ ਯਾਤਰੀਆਂ ਤੇ ਅਮਲਾ ਮੈਂਬਰਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ।ਏਅਰ ਕੈਨੇਡਾ ਦੀ ਉਡਾਣ ਦੇ ਇੱਕ ਯਾਤਰੀ ਅਨੁਸਾਰ ਜਹਾਜ਼ ਜਿਵੇਂ ਹੀ ਹਵਾਈ ਪੱਟੀ 'ਤੇ ਉਤਰਿਆ ਤਾਂ ਉਸ ਦਾ ਉਲਾਰ ਖੱਬੇ ਪਾਸੇ ਹੋ ਗਿਆ ਤੇ ਉਸ ਦਾ ਇੰਜਣ ਸਮੇਤ ਖੱਬਾ ਖੰਭ ਜ਼ਮੀਨ 'ਤੇ ਘਿਸਰਣ ਲੱਗਾ ਤੇ ਉਸ ਨੂੰ ਅੱਗ ਲੱਗ ਗਈ। ਬਚਾਅ ਦਲ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਾਇਆ ਤੇ ਯਾਤਰੀਆਂ ਨੂੰ ਜਲਦੀ ਨਾਲ ਸੱਜੇ ਪਾਸੇ ਤੋਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

ਹੈਲੀਫੈਕਸ ਹਵਾਈ ਅੱਡਾ ਅਧਿਕਾਰੀ ਨੇ ਐਕਸ 'ਤੇ ਦੱਸਿਆ ਕਿ ਪਾਇਲਟ ਵਲੋਂ ਲੈਂਡਿੰਗ ਗੇਅਰ ਖੋਲ੍ਹਣ ਦੇ ਯਤਨਾਂ ਦੌਰਾਨ ਖੱਬੇ ਪਾਸੇ ਵਾਲਾ ਪਹੀਆ ਖੁੱਲ੍ਹ ਕੇ ਬਾਹਰ ਨਾ ਆ ਸਕਿਆ, ਜੋ ਹਾਦਸੇ ਦਾ ਕਾਰਨ ਬਣਿਆ। ਪਤਾ ਲੱਗਾ ਹੈ ਕਿ ਜਹਾਜ਼ ਵਿੱਚ ਤੇਲ ਏਨਾ ਘੱਟ ਸੀ ਕਿ ਪਾਇਲਟ ਨੇ 100 ਫੁੱਟ ਦੀ ਉਚਾਈ ਤੋਂ ਫਿਰ ਉਡਾਣ ਭਰਨ ਦਾ ਖਤਰਾ ਮੁੱਲ ਲੈਣਾ ਵਾਜਬ ਨਾ ਸਮਝਿਆ ਤੇ ਪਹੀਆ ਖੋਲ੍ਹਣ ਦੇ ਯਤਨਾਂ ਦੌਰਾਨ ਜਹਾਜ਼ ਧਰਤੀ ਨਾਲ ਖਹਿ ਗਿਆ। ਹਾਦਸੇ ਦੇ ਕਾਰਣਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਬੱਸਾਂ ਚ ਸਫ਼ਰ ਕਰਨ ਵਾਲੇ ਹੋਣ ਜਾਓ ਸਾਵਧਾਨ !! ਪ੍ਰਾਈਵੇਟ ਬੱਸਾਂ ਵਾਲਿਆਂ ਵਲੋਂ ਪੰਜਾਬ ਬੰਦ ਦੀ ਹਮਾਇਤ



ਮਾਨਸਾ (ਲੋਕ ਬਾਣੀ)- ਮਾਨਸਾ ਦੇ ਸਾਰੇ ਪ੍ਰਾਈਵੇਟ ਬੱਸ ਟਰਾਂਸਪੋਟਰਾਂ ਵੱਲੋ 30 ਦਸੰਬਰ ਨੂੰ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਮੁੱਖ ਰੱਖ ਕੇ ਪੰਜਾਬ ਬੰਦ ਦੇ ਸੱਦੇ ਦੀ ਹਮਾਇਤ ਜ਼ਿਲ੍ਹਾ ਪ੍ਰਾਈਵੇਟ ਬੱਸ ਅਪਰੇਟਰਜ ਯੂਨੀਅਨ ਵੱਲੋ ਕੀਤੀ ਗਈ ਹੈ। ਉਸ ਦਿਨ ਸਾਰੀ ਟਰਾਸਪੋਰਟ ਬੰਦ ਰਹੇਗੀ। ਇਹ ਜਾਣਕਾਰੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਵਲੋਂ ਯੂਨੀਅਨ ਦੀ ਮੀਟਿੰਗ ਤੋਂ ਬਾਅਦ ਦਿੱਤੀ ਗਈ, ਜਿਸ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ।

# ਹਲਵਾਰਾ ਤੋਂ ਏਅਰਲਾਈਨ ਦੇ ਸੰਚਾਲਨ ਲਈ ਬੋਲੀ ਪ੍ਰਕਿਰਿਆ ਜਲਦੀ ਸ਼ੁਰੂ ਕੀਤੀ ਜਾਵੇਗੀ: ਕੇਂਦਰੀ ਮੰਤਰੀ ਰਵਨੀਤ ਸਿੰਘ

ਲੁਧਿਆਣਾ, (ਲੋਕ ਬਾਣੀ)- ਰੇਲ ਅਤੇ ਫੂਡ ਪ੍ਰੋਸੈਸਿੰਗ ਉਦਯੋਗਾਂ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਦੁਆਰਾ ਐਲਾਨ ਕੀਤੇ ਅਨੁਸਾਰ, ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯਾਤਰੀ ਏਅਰਲਾਈਨਾਂ ਦੇ ਸੰਚਾਲਨ ਲਈ ਬੋਲੀ ਦੀ ਪ੍ਰਕਿਰਿਆ ਜਲਦੀ ਹੀ ਸ਼ੁਰੂ ਹੋਵੇਗੀ। ਸਟੇਕਹੋਲਡਰਾਂ ਨਾਲ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੌਰਾਨ, ਸਿੰਘ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਹਲਵਾਰਾ ਤੋਂ ਵਪਾਰਕ ਉਡਾਣਾਂ ਛੇ ਮਹੀਨਿਆਂ ਦੇ ਅੰਦਰ ਸ਼ੁਰੂ ਹੋਣ ਦੀ ਉਮੀਦ ਹੈ, ਸ਼ਹਿਰੀ ਹਵਾਬਾਜ਼ੀ ਮੰਤਰਾਲਾ ਜਲਦੀ ਹੀ ਪ੍ਰਕਿਰਿਆ ਸ਼ੁਰੂ ਕਰਨ ਲਈ ਤਿਆਰ ਹੈ। ਉਨ੍ਹਾਂ ਇਸ ਮਾਮਲੇ ਨੂੰ ਜਲਦੀ ਹੱਲ ਕਰਨ ਲਈ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਆਪਣੇ ਨਿੱਜੀ ਦਖਲ ਦਾ ਵੀ ਭਰੋਸਾ ਦਿੱਤਾ।


ਏਅਰ ਫੋਰਸ, ਏਅਰਪੋਰਟ ਅਥਾਰਟੀਜ਼ ਅਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਹਵਾਈ ਅੱਡੇ ਦਾ ਨਿਰੀਖਣ ਕਰਨ ਤੋਂ ਬਾਅਦ, ਸਿੰਘ ਨੇ ਪੁਸ਼ਟੀ ਕੀਤੀ ਕਿ ਟਰਮੀਨਲ ਦੀ ਇਮਾਰਤ ਦਾ ਨਿਰਮਾਣ ਫਰਵਰੀ 2025 ਤੱਕ ਪੂਰਾ ਕਰ ਲਿਆ ਜਾਵੇਗਾ। ਸਾਰੇ ਹਿੱਸੇਦਾਰਾਂ ਨੇ ਇਸ ਸਮਾਂ-ਸੀਮਾ ਦੀ ਪਾਲਣਾ ਕਰਨ ਲਈ ਵਚਨਬੱਧ ਕੀਤਾ ਹੈ। ਚਾਰਦੀਵਾਰੀ, ਟੈਕਸੀਵੇਅ ਅਤੇ ਰਨਵੇ ਸਮੇਤ ਮੁੱਖ ਬੁਨਿਆਦੀ ਢਾਂਚੇ ਦੇ ਕੰਮ ਚੰਗੀ ਤਰ੍ਹਾਂ ਚੱਲ ਰਹੇ ਹਨ। ਉਸਾਰੀ ਬਾਰੇ ਅੱਪਡੇਟ ਵਿੱਚ ਸ਼ਾਮਲ ਹਨ:

ਟੈਕਸੀਵੇਅ ਏ ਓਵਰਲੇਇੰਗ: 95% ਪੂਰਾ ਹੋਇਆ

ਟੈਕਸੀਵੇਅ ਡੀ ਓਵਰਲੇਇੰਗ: 60% ਪੂਰਾ ਹੋਇਆ

916 ਪਰਿਸਰ ਦੇ ਅੰਦਰ ਨਵਾਂ ਲਿੰਕ ਟੈਕਸੀਵੇਅ: 80% ਪੂਰਾ ਹੋਇਆ

ਰਨਵੇ ਓਵਰਲੇਇੰਗ (916 ਦੁਆਰਾ ਸੰਭਾਲਿਆ ਗਿਆ): ਪੂਰਾ ਹੋਣ ਦੇ ਨੇੜੇ




ਸੁਰੱਖਿਆ ਉਪਕਰਨਾਂ ਦੀ ਸਥਾਪਨਾ ਅਤੇ ਅੰਤਿਮ ਸੁਰੱਖਿਆ ਜਾਂਚ ਜਨਵਰੀ 2025 ਲਈ ਤਹਿ ਕੀਤੀ ਗਈ ਹੈ। ਇਸ ਦੇ ਨਾਲ ਹੀ, ਏਅਰਲਾਈਨ ਆਪਰੇਟਰ ਦੀ ਪਛਾਣ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਇੱਕ ਵਾਰ ਅੰਤਿਮ ਰੂਪ ਦਿੱਤੇ ਜਾਣ ਤੇ, 500 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ, ਮੁੱਖ ਟਰਮੀਨਲ ਦੀ ਇਮਾਰਤ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ। ਉਦੋਂ ਤੱਕ, ਹਵਾਈ ਅੱਡਾ ਅੰਤਰਿਮ ਟਰਮੀਨਲ ਤੋਂ ਕੰਮ ਕਰੇਗਾ।

ਨਿਰਵਿਘਨ ਸੰਪਰਕ ਨੂੰ ਯਕੀਨੀ ਬਣਾਉਣ ਲਈ, ਸਿੰਘ ਨੇ ਰਾਸ਼ਟਰੀ ਰਾਜਮਾਰਗ ਤੋਂ ਹਵਾਈ ਅੱਡੇ ਤੱਕ ਸਿੱਧੀ ਪਹੁੰਚ ਵਾਲੀ ਸੜਕ ਬਣਾਉਣ ਲਈ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (©819) ਨਾਲ ਸੰਪਰਕ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਇੱਕ ਵਾਰ ਯਾਤਰੀ ਸੰਚਾਲਨ ਸ਼ੁਰੂ ਹੋਣ ਤੋਂ ਬਾਅਦ ਮੌਜੂਦਾ ਸੜਕ ਵਧੇ ਹੋਏ ਵਾਹਨਾਂ ਦੀ ਆਵਾਜਾਈ ਲਈ ਨਾਕਾਫ਼ੀ ਹੈ। ਇੱਕ ਚੌੜਾ ਅਤੇ ਵਧੇਰੇ ਕੁਸ਼ਲ ਰਸਤਾ ਯਾਤਰੀਆਂ ਦੀ ਸਹੂਲਤ ਵਿੱਚ ਵਾਧਾ ਕਰੇਗਾ।

ਹਲਵਾਰਾ ਹਵਾਈ ਅੱਡੇ ਦੀ ਰਣਨੀਤਕ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਸਿੰਘ ਨੇ ਪੰਜਾਬ ਵਿੱਚ ਇਸਦੇ ਕੇਂਦਰੀ ਸਥਾਨ ਨੂੰ ਨੋਟ ਕੀਤਾ। ਇਹ ਹਵਾਈ ਅੱਡਾ ਸਿਰਫ਼ ਲੁਧਿਆਣਾ ਹੀ ਨਹੀਂ, ਸਗੋਂ ਪੂਰੇ ਮਾਲਵਾ ਅਤੇ ਦੋਆਬਾ ਖੇਤਰਾਂ ਲਈ ਵੀ ਸੇਵਾ ਕਰੇਗਾ, ਜਿਸ ਨਾਲ ਦੇਸ਼ ਭਰ ਵਿੱਚ ਅਤੇ ਅੰਤ ਵਿੱਚ, ਅੰਤਰਰਾਸ਼ਟਰੀ ਪੱਧਰ ਤੇ ਵਪਾਰਕ ਅਤੇ ਯਾਤਰੀ ਸੰਪਰਕ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਇੱਕ ਵੱਡਾ ਕਾਰਗੋ ਟਰਮੀਨਲ ਵਿਕਸਤ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਕਾਰੋਬਾਰਾਂ, ਵਪਾਰੀਆਂ ਅਤੇ ਉਦਯੋਗਾਂ ਨੂੰ ਮਹੱਤਵਪੂਰਨ ਹੁਲਾਰਾ ਮਿਲੇਗਾ।

ਮੰਤਰੀ ਦੇ ਨਾਲ ਮਾਲਵਿੰਦਰ ਸਿੰਘ ਜੱਗੀ, ਪੰਜਾਬ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸਕੱਤਰ ਡਾ. ਸ਼. ਐੱਸ.ਕੇ. ਗੁਪਤਾ, ਜਨਰਲ ਮੈਨੇਜਰ, 119; ਪੰਕਜ ਕੁਮਾਰ, *91* ਦੇ ਸੀ.ਈ.ਓ. ਸ਼. ਐੱਸ.ਕੇ. ਸਿਨਹਾ ਏਅਰ ਫੋਰਸ ਹਲਵਾਰਾ ਤੋਂ, ਅਤੇ ਲੋਕ ਨਿਰਮਾਣ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ।

## ਮੋਗਾ ਪੁਲੀਸ ਨੇ ਇੱਕ ਸਿਪਾਹੀ ਸਣੇ ਪੰਜ ਹਾਈਵੇ ਤੇ ਲੁੱਟ ਖੋਹ ਕਰਨ ਲੁਟੇਰੇ ਕੀਤੇ ਕਾਬੂ




(ਲੋਕ ਬਾਣੀ)-ਪੰਜਾਬ ਦੇ ਮੋਗਾ ਅਧੀਨ ਆਉਂਦੇ ਥਾਣਾ ਬੱਧਣੀ ਕਲਾਂ ਦੀ ਪੁਲੀਸ ਨੇ ਹਾਈਵੇ ਤੇ ਲੁੱਟਾ ਖੋਹਿਆ ਕਰਨ ਵਾਲਾ ਗਿਰੋਹ ਇੰਸਪੈਕਟਰ ਗੁਰਮੇਲ ਸਿੰਘ ਦੀ ਅਗਵਾਈ ਵਿੱਚ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ, ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਪੁਲੀਸ ਨੂੰ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਕੁੱਝ ਲੋਕ ਨਸ਼ੇ ਦੀ ਪੂਰਤੀ ਲਈ ਹਾਈਵੇਅ ਤੋਂ ਲੰਘਣ ਵਾਲੇ ਰਾਹਗੀਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਤੇ ਲੁੱਟ ਖੋਹ ਕਰਦੇ ਹਨ। ਜਿਸ ਤੋਂ ਬਾਅਦ ਥਾਣਾ ਬੱਧਣੀ ਕਲਾਂ ਦੇ ਇੰਸਪੈਕਟਰ ਗੁਰਮੇਲ ਸਿੰਘ ਚਹਿਲ ਅਤੇ ਏ ਐਸ ਆਈ ਜਸਵੰਤ ਸਿੰਘ ਨੇ ਆਪਣੀ ਟੀਮ ਨਾਲ ਟਰੇਪ ਲਾ ਕੇ ਲੁਟੇਰੇ ਗਿਰੋਹ ਨੂੰ ਕਾਬੂ ਕੀਤਾ, ਜਿੰਨਾ ਦੀ ਪਛਾਣ ਕੁਲਦੀਪ ਸਿੰਘ ਉਰਫ ਅਕਾਸ਼, ਗੁਰਮੁੱਖ ਸਿੰਘ ਉਰਫ ਭੋਲਾ, ਰਵਿੰਦਰ ਸਿੰਘ ਉਰਫ ਘੋੜਾ, ਹਰਪ੍ਰੀਤ ਸਿੰਘ ਉਰਫ ਹੈਪੀ ਅਤੇ ਕਮਲਪ੍ਰੀਤ ਸਿੰਘ ਉਰਫ ਕੇਪੀ ਵਾਸੀ ਪਿੰਡ ਦੌਧਰ ਸ਼ਰਕੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਕਮਲਪ੍ਰੀਤ ਸਿੰਘ ਉਰਫ ਕੇਪੀ ਨੂੰ ਉਸ ਦੇ ਪਿਤਾ ਦੀ ਥਾਂ ਤਰਸ ਦੇ ਆਧਾਰ ਉੱਤੇ ਪੰਜਾਬ ਪੁਲੀਸ ਵਿੱਚ ਨੌਕਰੀ ਮਿਲੀ ਸੀ। ਹੁਣ ਉਸ ਦੀ ਡਿਊਟੀ ਕੇਂਦਰੀ ਜੇਲ੍ਹ ਬਠਿੰਡਾ 'ਚ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਤੋਂ ਪੁੱਛ-ਪੜਤਾਲ ਦੌਰਾਨ ਪਤਾ ਲੱਗਾ ਉਹ ਵਿਭਾਗੀ ਡਿਊਟੀ ਤੋਂ ਦੋ ਮਹੀਨਿਆਂ ਤੋਂ ਗੈਰਹਾਜ਼ਰ ਹੈ ਅਤੇ ਵਿਭਾਗ ਨੇ ਉਸ ਨੂੰ ਮੁਅੱਤਲ ਕਰ ਦਿੱਤਾ ਹੈ। ਮੁਲਜ਼ਮਾਂ ਤੋਂ ਖੋਹ ਕੀਤੇ ਦੋ ਮੋਟਰਸਾਈਕਲ ਤੇ ਚਾਰ ਮੋਬਾਈਲ ਫੋਨ ਵੀ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਤੋਂ ਪੁੱਛ-ਪੜਤਾਲ ਲਈ ਅਦਾਲਤ ਤੋ ਦੋ ਰੋਜ਼ਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ। ਅੱਗੇ ਦੱਸਿਆ ਕਿ ਬਲਜੀਤ ਸਿੰਘ ਉਰਫ਼ ਮਿੱਠੂ ਵਾਸੀ ਮੋਗਾ ਨੂੰ ਕਾਬੂ ਕਰ ਕੇ ਉਸ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ।

## ਬਾਬਾ ਵੇਂਗਾ ਵੱਲੋਂ 2025 ਸਾਲ ਨੂੰ ਲੈਕੇ ਕੀਤੀਆਂ ਵੱਡੀਆਂ ਭਵਿੱਖ ਕਰਕੇ ਦੁਨੀਆ ਸੋਚਣ ਲਈ ਮਜਬੂਰ



(ਲੋਕ ਬਾਣੀ)- ਬਾਬਾ ਵੇਂਗਾ ਦੀਆਂ ਭਵਿੱਖ ਬਾਣੀਆਂ ਹਰ ਸਾਲ ਦੁਨੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ। ਬਾਬਾ ਵੇਂਗਾ ਨੇ ਸਾਲ 20 25 ਨੂੰ ਲੈ ਕੇ ਕਈ ਹੈਰਾਨੀਜਨਕ ਭਵਿੱਖਬਾਣੀਆਂ ਵੀ ਕੀਤੀਆਂ ਸਨ। ਜੇ ਤੁਸੀਂ ਇਨ੍ਹਾਂ ਨੂੰ ਪਹਿਲਾਂ ਤੋਂ ਜਾਣਦੇ ਹੋ, ਤਾਂ ਤੁਸੀਂ ਆਉਣ ਵਾਲੇ ਸਾਲ ਵਿੱਚ ਕੁਝ ਚੀਜ਼ਾਂ ਦਾ ਧਿਆਨ ਰੱਖੋਗੇ। ਕੋਈ ਵੱਡਾ ਫੈਸਲਾ ਲੈਣ ਤੋਂ ਪਹਿਲਾਂ ਤੁਸੀਂ ਸੁਚੇਤ ਰਹੋਗੇ। ਜੇਕਰ ਬਾਬਾ ਵੰਗਾ ਦੀ ਭਵਿੱਖਬਾਣੀ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਦੇਸ਼ ਅਤੇ ਦੁਨੀਆ ਵਿੱਚ ਜਿਸ ਤਰ੍ਹਾਂ ਦੇ ਬਦਲਾਅ ਦੇਖਣ ਨੂੰ ਮਿਲਦੇ ਹਨ, ਉਸ ਤਰ੍ਹਾਂ ਦੇ ਹਾਲਾਤ ਹੋਰ ਵੀ ਬਦਤਰ ਹੋ ਸਕਦੇ ਹਨ। ਕਈ ਮਹਾਂਸ਼ਕਤੀਆਂ ਲਈ ਇਹ ਖ਼ਤਰੇ ਦੀ ਚਿਤਾਵਨੀ ਹੈ, ਜਦੋਂ ਕਿ ਕੁਝ ਦੇਸ਼ਾਂ ਲਈ ਇਹ ਸਰਬਨਾਸ਼ ਦਾ ਸੰਕੇਤ ਸਾਬਤ ਹੋ ਸਕਦਾ ਹੈ। ਤਾਂ ਆਓ ਜਾਣਦੇ ਹਾਂ ਸਾਲ 2025 ਲਈ ਬਾਬਾ ਵੇਂਗਾ ਦੀਆਂ 10 ਵੱਡੀਆਂ ਭਵਿੱਖਬਾਣੀਆਂ ਕੀ ਹਨ।

## ਮੌਸਮ ਵਿਭਾਗ ਵੱਲੋਂ ਪੰਜਾਬ 'ਚ ਭਾਰੀ ਮੀਂਹ ਅਤੇ ਗੜੇਮਾਰੀ ਦੀ ਚੇਤਾਵਨੀ !

(ਲੋਕ ਬਾਣੀ)- ਦੇਸ਼ ਦੇ ਪਹਾੜੀ ਰਾਜਾਂ ਵਿੱਚ ਬਰਫ਼ਬਾਰੀ ਅਤੇ ਮੈਦਾਨੀ ਰਾਜਾਂ ਵਿੱਚ ਮੀਂਹ ਪੈ ਰਿਹਾ ਹੈ। ਦਿੱਲੀ-ਐੱਨਸੀਆਰ ਸਮੇਤ ਦੇਸ਼ ਦੇ ਕਈ ਸੂਬਿਆਂ 'ਚ ਸ਼ੁੱਕਰਵਾਰ ਨੂੰ ਭਾਰੀ ਮੀਂਹ ਪਿਆ, ਜਿਸ ਨਾਲ ਠੰਡ ਵਧ ਗਈ।15 ਸਾਲਾਂ ਬਾਅਦ ਦਸੰਬਰ ਮਹੀਨੇ ਵਿੱਚ ਸਭ ਤੋਂ ਵੱਧ 9.1 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ। ਇਸ ਕਾਰਨ ਦਿੱਲੀ ਦਾ ਵੱਧ ਤੋਂ ਵੱਧ ਤਾਪਮਾਨ 14 ਡਿਗਰੀ ਅਤੇ ਘੱਟੋ-ਘੱਟ ਤਾਪਮਾਨ 11 ਡਿਗਰੀ ਰਿਹਾ।

ਮੌਸਮ ਵਿਭਾਗ ਮੁਤਾਬਿਕ, ਅੱਜ ਅਤੇ ਭਲਕੇ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਵਿੱਚ ਮੀਂਹ ਦੇ ਨਾਲ ਬਰਫਬਾਰੀ ਹੋਵੇਗੀ। ਅੱਜ ਅਤੇ ਭਲਕੇ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਪੱਛਮੀ ਉੱਤਰ ਪ੍ਰਦੇਸ਼ ਅਤੇ ਪੂਰਬੀ ਰਾਜਸਥਾਨ ਵਿੱਚ ਹਨੇਰੀ ਚੱਲਣ ਦੀ ਸੰਭਾਵਨਾ ਹੈ। ਬੱਦਲ ਗਰਜ ਅਤੇ ਬਿਜਲੀ ਦੇ ਨਾਲ ਵਰਖਾ ਕਰਨਗੇ। ਹਵਾ ਦੀ ਰਫ਼ਤਾਰ 30-40 ਕਿਲੋਮੀਟਰ ਪ੍ਰਤੀ ਘੰਟਾ ਰਹਿਣ ਦੀ ਸੰਭਾਵਨਾ ਹੈ।

ਜੰਮੂ-ਕਸ਼ਮੀਰ 'ਚ ਕੱਲ ਮੈਦਾਨੀ ਇਲਾਕਿਆਂ 'ਚ ਬਾਰਿਸ਼ ਹੋਈ ਅਤੇ ਪਹਾੜੀ ਇਲਾਕਿਆਂ 'ਚ ਭਾਰੀ ਬਰਫਬਾਰੀ ਹੋਈ। ਇਸ ਕਾਰਨ ਸ਼੍ਰੀਨਗਰ-ਜੰਮੂ ਰਾਸ਼ਟਰੀ ਰਾਜਮਾਰਗ 'ਤੇ 2000 ਵਾਹਨ ਫਸ ਗਏ। ਜੰਮੂ-ਕਸ਼ਮੀਰ ਨੂੰ ਲੱਦਾਖ ਨਾਲ ਜੋੜਨ ਵਾਲੇ ਜ਼ੋਜਿਲਾ ਪਾਸ 'ਤੇ



ਪਾਰਾ -25 ਡਿਗਰੀ ਦਰਜ ਕੀਤਾ ਗਿਆ।

ਭਾਰਤੀ ਮੌਸਮ ਵਿਭਾਗ ਨੇ ਰਾਜਧਾਨੀ ਦਿੱਲੀ ਅਤੇ ਨਾਲ ਲੱਗਦੇ ਨੋਇਡਾ ਲਈ 31 ਦਸੰਬਰ ਤੱਕ ਔਰੇਂਜ ਅਲਰਟ ਜਾਰੀ ਕੀਤਾ ਹੈ। ਅੱਜ ਅਤੇ ਕੱਲ੍ਹ ਲਈ ਮੀਂਹ ਦੀ ਚੇਤਾਵਨੀ ਹੈ।

ਮੌਸਮ ਵਿਭਾਗ ਦੇ ਅਨੁਸਾਰ, ਪੱਛਮੀ ਗੜਬੜ 1 ਜਨਵਰੀ, 2025 ਤੋਂ ਪੱਛਮੀ ਹਿਮਾਲੀਅਨ ਖੇਤਰ ਨੂੰ ਪ੍ਰਭਾਵਿਤ ਕਰ ਸਕਦੀ ਹੈ। ਅਜਿਹੀ ਸਥਿਤੀ ਵਿੱਚ, 1 ਅਤੇ 2 ਜਨਵਰੀ ਨੂੰ ਹਿਮਾਲੀਅਨ ਖੇਤਰਾਂ ਵਿੱਚ ਹਲਕੀ ਬਾਰਿਸ਼/ਬਰਫ਼ਬਾਰੀ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਅਨੁਸਾਰ 31 ਦਸੰਬਰ ਤੱਕ ਹਿਮਾਚਲ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿੱਚ ਸੀਤ ਲਹਿਰ ਦੀ ਸੰਭਾਵਨਾ ਹੈ। ਅੱਜ ਉੱਤਰਾਖੰਡ, ਹਰਿਆਣਾ, ਚੰਡੀਗੜ੍ਹ, ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਠੰਡ ਪੈ ਸਕਦੀ ਹੈ। 30 ਦਸੰਬਰ ਤੱਕ ਪੰਜਾਬ, ਹਰਿਆਣਾ, ਚੰਡੀਗੜ੍ਹ, ਰਾਜਸਥਾਨ, ਹਿਮਾਚਲ ਪ੍ਰਦੇਸ਼, ਪੱਛਮੀ ਉੱਤਰ ਪ੍ਰਦੇਸ਼, ਉੜੀਸਾ, ਝਾਰਖੰਡ, ਅਸਾਮ, ਮੇਘਾਲਿਆ, ਨਾਗਾਲੈਂਡ, ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਵਿੱਚ ਸਵੇਰ ਅਤੇ ਸ਼ਾਮ ਨੂੰ ਸੰਘਣੀ ਧੁੰਦ ਪੈ ਸਕਦੀ ਹੈ। ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ, ਮਿਜ਼ੋਰਮ ਦੇ ਵੱਖ-ਵੱਖ ਹਿੱਸਿਆਂ 'ਚ ਜ਼ਮੀਨ 'ਤੇ ਠੰਡ ਪੈਣ ਦੀ ਸੰਭਾਵਨਾ ਹੈ।

# ਨਵੇਂ ਸਾਲ ਦੀ ਆਮਦ ਤੇ ਜੈ ਮਾਂ ਦੁਰਗਾ ਭਵਾਨੀ ਵੈਲਫੇਅਰ ਸੋਸਾਇਟੀ ਵੱਲੋਂ ਕਟੜਾ ਵਿਖੇ ਲਾਇਆ ਜਾਵੇਗਾ ਵਿਸ਼ਾਲ ਭੰਡਾਰਾ



ਗਿੱਦੜਬਾਹਾ (ਲੋਕ ਬਾਣੀ) ਨਵੇਂ ਸਾਲ ਦੇ ਆਮਦ ਦੀ ਖ਼ੁਸ਼ੀ ਵਿੱਚ ਜੈ ਮਾਂ ਦੁਰਗਾ ਭਵਾਨੀ ਵੈਲਫੇਅਰ ਸੋਸਾਇਟੀ ਰਜਿ ਗਿੱਦੜਬਾਹਾ ਵੱਲੋਂ ਸ਼ਹਿਰ ਵਾਸੀਆਂ ਅਤੇ ਰਤੀਆ ਵਾਸੀਆਂ ਦੇ ਸਹਿਯੋਗ ਨਾਲ ਮਾਂ ਵੈਸ਼ਨੋ ਦੇਵੀ ਕੱਟੜਾ ਵਿਖੇ ਦੂਸਰੇ ਵਿਸ਼ਾਲ ਭੰਡਾਰੇ ਅਤੇ ਮਾ ਭਗਵਤੀ ਦੀ ਚੋਕੀ ਦਾ ਆਯੋਜਨ ਕੀਤਾ ਜਾ ਰਿਹਾ ਹੈ ਇਸ ਸਬੰਧੀ ਬੀਤੇ ਸ਼ੁੱਕਰਵਾਰ ਸ਼ਹਿਰ ਵਿਖੇ ਸੋਭਾ ਯਾਤਰਾ ਕੱਢੀ ਗਈ ਅਤੇ ਦੇਰ ਰਾਤ ਭੰਡਾਰੇ ਲਈ ਰਾਸ਼ਨ ਸਮਗਰੀ ਦੇ ਟਰੱਕ ਨੂੰ ਪੱਲਵ ਮਿੱਤਲ ਨੇ ਝੰਡੀ ਦੇ ਕੇ ਮਾਂ ਵੈਸ਼ਨੋ ਦੇਵੀ ਕਟੜਾ ਲਈ ਰਵਾਨਾ ਕੀਤਾ ਇਸ ਸਬੰਧੀ ਜਾਣਕਾਰੀ ਦਿੰਦੇ ਸੰਸਥਾ ਦੇ ਸਕੱਤਰ ਉਮੇਸ਼ ਬਾਸਲ ਨੇ ਦੱਸਿਆ ਕਿ ਸੰਸਥਾ ਵੱਲੋਂ 30 ਦਸੰਬਰ 2024 ਤੋਂ 1 ਜਨਵਰੀ 2025 ਤੱਕ ਮਹਾਮਾਈ ਸੇਵਾ ਨਿਆਸ/ ਮਾਂ ਕਾ ਘਰ/ ਕਟੜਾ ਵਿਖੇ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਉਨ੍ਹਾਂ ਦੱਸਿਆ ਕਿ 31 ਦਸੰਬਰ 2024 ਨੂੰ
ਮਾਂ ਭਗਵਤੀ ਦੀ ਵਿਸ਼ਾਲ ਚੌਕੀ ਆਯੋਜਿਤ ਕੀਤੀ ਜਾਵੇਗੀ, ਜਿਸ ਦੌਰਾਨ ਪ੍ਰਸਿੱਧ ਭਜਨ ਸਮਰਾਟ ਅਮਿਤ ਕਾਤਿਆਨੀ ਸੁੰਦਰ ਸੁੰਦਰ ਭੇਟਾ ਨਾਲ ਮਾਂ ਭਗਵਤੀ ਦਾ ਗੁਣਗਾਨ ਕਰਨਗੇ ਜਿਸ ਉਪਰਾਂਤ 1 ਜਨਵਰੀ ਨੂੰ ਨਵੇਂ ਸਾਲ ਮੌਕੇ ਸਰਬਤ ਦੇ ਭਲੇ ਦੀ ਅਰਦਾਸ ਕਰਕੇ ਭੰਡਾਰਾ ਸੰਪੰਨ ਕੀਤਾ ਜਾਵੇਗਾ
ਇਸ ਮੌਕੇ ਪ੍ਰਧਾਨ ਰਾਜੇਸ਼ ਜਿੰਦਲ ਉਪ ਪ੍ਰਧਾਨ ਹੈਪੀ ਅਰੋੜਾ, ਸਕੱਤਰ ਉਮੇਸ਼ ਬਾਂਸਲ, ਖਜ਼ਾਨਚੀ ਸੰਜੀਵ ਬਾਂਸਲ , ਚਿਮਨ ਸ਼ਰਮਾ, ਅਹਿਮਨ ਬਾਂਸਲ, ਧਰਮਪਾਲ, ਪ੍ਰਦੀਪ ਕੁਮਾਰ,ਸਾਹਿਲ ਅਰੋੜਾ, ਭੀਮ ਚੰਦ ਸ਼ਰਮਾ, ਅਤੇ ਸੇਵਾਦਾਰ ਆਦਿ ਹਾਜ਼ਰ ਸਨ

## ਫੋਟੋ ਕੈਪਸ਼ਨ



ਸਾਹਿਬਜ਼ਾਦਿਆਂ ਦੀ ਸਹਾਦਤ ਨੂੰ ਸਮਰਪਿਤ ਗਲੋਬਲ ਹਾਈਟੈਕ ਸਿਟੀ ਖਰੜ ਸਮੂਹ ਨਿਵਾਸੀਆਂ ਦੇ ਸਹਿਯੋਗ ਨਾਲ ਲੰਗਰ ਲਗਾਇਆ ਗਿਆ। ਇਸ ਮੌਕੇ ਰਵੀ ਕੌਲ,ਆਰਤੀ ਬੱਤਰਾ,ਦਵਿੰਦਰ ਸਿੱਧੂ,ਕਮਲ ਬਾਂਸਲ,ਰਾਜ ਕੁਮਾਰ,ਧਵਨ,ਓਮ ਪ੍ਰਕਾਸ਼ ਅਤੇ ਮਲਕੀਤ ਸਿੰਘ ਵਲੋਂ ਸੇਵਾ ਕੀਤੀ ਗਈ।
ਫੋਟੋ ਤੇ ਵੇਰਵਾ:ਕਾਲਾ ਸਿੰਘ ਸੈਣੀ।

# ਪ੍ਰਥਮ ਟੀਮ ਪਠਾਨਕੋਟ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਝੇਲਾ ਆਮਦਾ ਗੁਰਦਾਸਪੁਰ ਵਿੱਚ ਲਗਾਇਆ ਗਿਆ ਰੈੱਡੀਨਸ ਮੇਲਾ

## ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪ੍ਰਥਮ ਟੀਮ ਅਧਿਆਪਕਾਂ ਨਾਲ ਮਿਲ ਕੇ ਕਰ ਰਹੀ ਹੈ ਕੰਮ:- ਡੀਜੀ ਸਿੰਘ



ਦੀਨਾਨਗਰ , ( ਡਾ.ਰਮੇਸ਼ ਸਰੰਗਲ )
ਸਰਕਾਰੀ ਪ੍ਰਾਇਮਰੀ ਸਕੂਲ ਝੇਲਾ ਆਮਦਾ ਗੁਰਦਾਸਪੁਰ ਬਲਾਕ ਨਰੋਟ ਜੈਮਲ ਸਿੰਘ ਵਿੱਚ ਪ੍ਰਥਮ ਟੀਮ ਪਠਾਨਕੋਟ ਵੱਲੋਂ ਰੈੱਡੀਨਸ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਥਮ ਟੀਮ ਮੈਂਬਰ ਪ੍ਰਿਅੰਕਾ ਰਸੋਤਰਾ, ਕਾਮਨੀ ਅਤੇ ਹਰਪ੍ਰੀਤ ਨੇ ਦੱਸਿਆ ਕਿ ਮੇਲੇ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਮੁੱਖ ਮਹਿਮਾਨ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਰੋਟ ਜੈਮਲ ਸਿੰਘ ਸ੍ਰੀ ਪੰਕਜ ਅਰੋੜਾ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਤੋਂ ਇਲਾਵਾ ਸੈਂਟਰ ਹੈਡ ਟੀਚਰ ਬਕਨੌਰ ਸ੍ਰੀਮਤੀ ਸ੍ਰਿਸ਼ਟਾ ਦੇਵੀ, ਸੈਂਟਰ ਹੈਡ ਟੀਚਰ ਹੈਬਤ ਪਿੰਡੀ ਸ੍ਰੀ ਪਵਨ ਕੁਮਾਰ, ਸਕੂਲ ਹੈਡ ਟੀਚਰ ਰਾਜੇਸ਼ ਕੁਮਾਰ, ਸਰਪੰਚ ਸ੍ਰੀ ਸਰਵਨ ਸਿੰਘ ਨੇ ਵੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ। ਪ੍ਰਥਮ ਟੀਮ ਮੈਂਬਰ ਪ੍ਰਿਅੰਕਾ ਰਸੋਤਰਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਪ੍ਰੀ-ਪ੍ਰਾਈਮਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ ਹੈ। ਮਾਪਿਆਂ ਨੂੰ ਸਕੂਲਾਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪ੍ਰਥਮ ਟੀਮ ਵੱਲੋਂ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਬਾਰੇ ਸਟਾਲ ਲਗਾ ਕੇ ਜਾਣਕਾਰੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਮੌਕੇ ਤੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਮੁਕਾਬਲੇ ਵੀ ਕਰਵਾਏ ਗਏ ਹਨ। ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਮਹਿਮਾਨਾਂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਹੈ।
ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਅਤੇ ਬੀਪੀਈਓ ਸ੍ਰੀ ਪੰਕਜ ਅਰੋੜਾ ਨੇ ਕਿਹਾ ਕਿ ਪ੍ਰਥਮ ਟੀਮ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਅਧਿਆਪਕਾਂ ਦੇ ਮੌਢੇ ਨਾਲ ਮੌਢਾ ਜੋੜ ਕੇ ਪੂਰੀ ਮਿਹਨਤ ਨਾਲ ਕੰਮ ਕਰ ਰਹੀ ਹੈ।
ਇਸ ਮੌਕੇ ਤੇ ਆਂਗਣਵਾੜੀ ਵਰਕਰ ਸ੍ਰੀਮਤੀ ਨਰੇਸ਼ ਕੁਮਾਰੀ, ਸ੍ਰੀਮਤੀ ਅਨੁਰਾਧਾ, ਪਿਆਰੋ ਦੇਵੀ, ਸ੍ਰੀਮਤੀ ਭੋਲੀ, ਰਤਨੀ ਦੇਵੀ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।
ਫੋਟੋ ਕੈਪਸ਼ਨ:- ਰੈੱਡੀਨਸ ਮੇਲੇ ਦੌਰਾਨ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ, ਬੀਪੀਈਓ ਸ੍ਰੀ ਪੰਕਜ ਅਰੋੜਾ ਅਤੇ ਹੋਰ।
ਫੋਟੋ ਕੈਪਸ਼ਨ:- ਮੇਲੇ ਦੌਰਾਨ ਵਿਦਿਆਰਥੀਆਂ ਨੂੰ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹੋਏ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ, ਬੀਪੀਈਓ ਸ੍ਰੀ ਪੰਕਜ ਅਰੋੜਾ ਅਤੇ ਹੋਰ।

# ਨੌਜਵਾਨਾਂ ਨੂੰ ਦਿੱਤੇ ਸਰਕਾਰੀ ਪ੍ਰੀਖਿਆਵਾਂ ਵਿੱਚ ਕਾਮਯਾਬੀ ਦੇ ਟਿਪਸ





ਅੰਬਾਲਾ: (ਲੋਕ ਬਾਣੀ) ਅੰਬਾਲਾ ਵਿੱਚ ਕ੍ਰੈਕ ਅਕੈਡਮੀ ਨੇ ਸਰਕਾਰੀ ਨੌਕਰੀ ਮੇਲਾ ਦਾ ਆਯੋਜਨ ਕੀਤਾ। ਇਹ ਮੇਲਾ ਸਰਕਾਰੀ ਨੌਕਰੀ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਖ਼ਾਸ ਮੌਕਾ ਲੈ ਕੇ ਆਇਆ। ਸੈਂਕੜੇ ਵਿਦਿਆਰਥੀਆਂ ਅਤੇ ਪ੍ਰੋਫੈਸ਼ਨਲਸ ਨੇ ਇਸ ਵਿੱਚ ਹਿੱਸਾ ਲਿਆ ਅਤੇ ਤਿਆਰੀ ਨਾਲ ਜੁੜੀ ਮਹੱਤਵਪੂਰਨ ਜਾਣਕਾਰੀਆਂ ਹਾਸਲ ਕੀਤੀਆਂ।
ਇਸ ਮੇਲੇ ਵਿੱਚ ਐਕਸਪਰਟ ਮੈਂਟਰ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸਰਕਾਰੀ ਪ੍ਰੀਖਿਆਵਾਂ ਦੇ ਪੈਟਰਨ, ਮੁਸ਼ਕਲ ਸਵਾਲਾਂ ਨੂੰ ਹੱਲ ਕਰਨ ਦੇ ਤਰੀਕੇ ਅਤੇ ਪੜ੍ਹਾਈ ਦਾ ਸਹੀ ਢੰਗ ਅਪਣਾਉਣ ਬਾਰੇ ਸਲਾਹ ਦਿੱਤੀ। ਵੱਖ-ਵੱਖ ਵਰਕਸ਼ਾਪਾਂ ਰਾਹੀਂ ਪੜ੍ਹਾਈ ਦੀ ਤਕਨਾਲੋਜੀ ਅਤੇ ਪ੍ਰੀਖਿਆ ਵਿੱਚ ਸਫਲਤਾ ਲਈ ਲਾਜ਼ਮੀ ਟਿਪਸ ਵੀ ਸਾਂਝੀਆਂ ਕੀਤੀਆਂ।
ਕ੍ਰੈਕ ਅਕੈਡਮੀ ਦੇ ਫਾਊਂਡਰ ਅਤੇ ਸੀਈਓ ਨੀਰਜ ਕੰਸਲ ਨੇ ਕਿਹਾ ਕਿ ਸਰਕਾਰੀ ਨੌਕਰੀ ਮੇਲਾ ਸਿਰਫ਼ ਇੱਕ ਇਵੈਂਟ ਨਹੀਂ ਹੈ, ਸਗੋਂ ਨੌਜਵਾਨਾਂ ਨੂੰ ਉਹਨਾਂ ਦੇ ਮੰਜ਼ਿਲ ਤੱਕ ਪਹੁੰਚਾਉਣ ਦੀ ਸਾਡੀ ਕੋਸ਼ਿਸ਼ ਹੈ। ਅਸੀਂ ਚਾਹੁੰਦੇ ਹਾਂ ਕਿ ਹਰ ਉਮੀਦਵਾਰ ਮਿਹਨਤ ਨਾਲ, ਸਹੀ ਤਿਆਰੀ ਅਤੇ ਆਤਮਵਿਸ਼ਵਾਸ ਨਾਲ ਸਰਕਾਰੀ ਪ੍ਰੀਖਿਆਵਾਂ ਵਿੱਚ ਕਾਮਯਾਬ ਹੋਵੇ।ਇਸ ਤਰ੍ਹਾਂ ਦੇ ਆਯੋਜਨ ਨੌਜਵਾਨਾਂ ਨੂੰ ਨਾ ਸਿਰਫ਼ ਪ੍ਰੇਰਣਾ ਦਿੰਦੇ ਹਨ, ਸਗੋਂ ਤਿਆਰੀ ਦੇ ਸਹੀ ਤਰੀਕੇ ਵੀ ਸਿੱਖਾਉਂਦੇ ਹਨ, ਤਾਂ ਜੋ ਉਹ ਹਰ ਚੁਣੌਤੀ ਦਾ ਹਿੰਮਤ ਨਾਲ ਸਾਹਮਣਾ ਕਰ ਸਕਣ।

# ਕਾਨਪੁਰ ਚ ਬੰਦ ਮੰਦਰਾਂ ਨੂੰ ਖੋਲ੍ਹਣ ਦੀ ਮੁਹਿੰਮ ਜਾਰੀ, ਮੇਅਰ ਡਿਪਟੀ ਦੇ ਸਟਾਪ ਤੇ ਪਹੁੰਚੇ



ਕਾਨਪੁਰ ( ਸੁਨੀਲ ਬਾਜਪਾਈ ) ਸੰਪਰਦਾਇਕ ਨਜ਼ਰੀਏ ਤੋਂ ਬੇਹੱਦ ਸੰਵੇਦਨਸ਼ੀਲ ਕਾਨਪੁਰ ਚ ਸਾਲਾਂ ਤੋਂ ਬੰਦ ਪਏ ਮੰਦਰਾਂ ਨੂੰ ਖੋਲ੍ਹਣ ਦੀ ਮੁਹਿੰਮ ਜਾਰੀ ਹੈ, ਜਿਸ ਚ ਭਾਜਪਾ ਦੀ ਮੇਅਰ ਪ੍ਰਮਿਲਾ ਪਾਂਡੇ ਐਤਵਾਰ ਨੂੰ ਰਾਏਪੁਰਵਾ ਥਾਣਾ ਖੇਤਰ ਦੇ ਡਿਪਟੀ ਸਟੇਸ਼ਨ ਪਹੁੰਚੀ ਅਤੇ ਮੰਦਰ ਚ ਜੋ ਸਾਲਾਂ ਤੋਂ ਬੰਦ ਸੀ, ਖੋਲ੍ਹਿਆ ਗਿਆ। ਇਸ ਦੌਰਾਨ 2 ਕੰਪਨੀ ਪੀਏਸੀ ਅਤੇ 5 ਥਾਣਿਆਂ ਦੀ ਫੋਰਸ ਉਸ ਦੇ ਨਾਲ ਸੀ।

ਇਸ ਦੇ ਲਈ ਮੇਅਰ ਤੰਗ ਗਲੀਆਂ ਵਿੱਚੋਂ ਕਰੀਬ 100 ਮੀਟਰ ਪੈਦਲ ਚੱਲ ਕੇ ਮੰਦਰ ਦੇ ਬਾਹਰ ਪਹੁੰਚੇ। ਉਥੇ ਦੇਖਿਆ ਕਿ ਮੰਦਰ ਦੇ ਆਲੇ-ਦੁਆਲੇ ਨਾਕਾਬੰਦੀ ਕੀਤੀ ਹੋਈ ਸੀ। ਇਸ ਤੋਂ ਬਾਅਦ ਉਹ ਮੰਦਰ ਦੇ ਅੰਦਰ ਗਈ ਅਤੇ ਪੂਜਾ ਕੀਤੀ। ਇੱਥੇ ਮੰਦਰ ਨੂੰ ਬਚਾਉਣ ਲਈ ਹਿੰਦੂ ਪਰਿਵਾਰ ਨੇ ਚਾਰੇ ਪਾਸੇ ਘਰ ਬਣਾ ਕੇ ਮੰਦਰ ਨੂੰ ਢੱਕ ਦਿੱਤਾ। ਜਦੋਂ ਮੇਅਰ ਇੱਥੇ ਦਾਖਲ ਹੋਏ ਤਾਂ ਮੰਦਰ ਪੂਰੀ ਤਰ੍ਹਾਂ ਸੁਰੱਖਿਅਤ ਪਾਇਆ ਗਿਆ। ਪੂਰਾ ਪਰਿਵਾਰ ਮਿਲ ਕੇ ਮੰਦਰ ਦੀ ਸੁਰੱਖਿਆ ਕਰ ਰਿਹਾ ਹੈ। ਨੇੜੇ ਹੀ ਮੁਸਲਿਮ ਬਹੁਲ ਇਲਾਕਾ ਹੈ। ਮੰਦਰ ਦੇ ਅੰਦਰ ਸਾਰੇ ਦੇਵੀ-ਦੇਵਤੇ ਸੁਰੱਖਿਅਤ ਪਾਏ ਜਾਂਦੇ ਹਨ ਅਤੇ ਹਿੰਦੂ ਪਰਿਵਾਰ ਰੋਜ਼ਾਨਾ ਮੰਦਰ ਦੀ ਪੂਜਾ ਕਰਦਾ ਹੈ। ਮੇਅਰ ਨੇ ਕਿਹਾ ਕਿ ਨਾਜਾਇਜ਼ ਉਸਾਰੀ ਕੀਤੀ ਗਈ ਹੈ। ਇਹ ਟੁੱਟ ਜਾਵੇਗਾ.

ਦੂਜੇ ਪਾਸੇ ਮੰਦਰ ਦੇ ਕੇਅਰਟੇਕਰ ਆਦਰਸ਼ ਤਿਵਾੜੀ ਤੋਂ ਪੁੱਛਣ ਤੇ ਉਨ੍ਹਾਂ ਨੇ ਕਿਹਾ- ਮੰਦਰ ਕਰੀਬ 100 ਸਾਲ ਪੁਰਾਣਾ ਹੈ। ਇਹ ਪੂਰੀ ਤਰ੍ਹਾਂ ਮੁਸਲਮਾਨ ਇਲਾਕਾ ਹੈ। ਮੰਦਰ ਦੀ ਸੁਰੱਖਿਆ ਲਈ ਇਸ ਦੇ ਆਲੇ-ਦੁਆਲੇ ਦੁਕਾਨਾਂ ਅਤੇ ਘਰ ਬਣਾਏ ਗਏ ਹਨ।

ਯਾਦ ਰਹੇ ਕਿ ਮੇਅਰ ਦੀ ਇਹ ਤੀਜੀ ਮੁਹਿੰਮ ਹੈ। ਇਸ ਤੋਂ ਪਹਿਲਾਂ 19 ਦਸੰਬਰ ਅਤੇ 23 ਦਸੰਬਰ ਨੂੰ ਵੀ ਮੰਦਰਾਂ ਤੋਂ ਕਬਜ਼ੇ ਹਟਾਏ ਗਏ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਗੁਰਦੁਆਰਾ ਸ਼ਹੀਦ ਸਿੰਘਾਂ ਪਿੰਡ ਘੁੰਮਣਾ ਵਲੋਂ ਲਗਾਇਆ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦੁੱਧ-ਬਿਸਕੁਟਾਂ ਦਾ ਲੰਗਰ



ਫਗਵਾੜਾ ( ਸੁਸ਼ੀਲ ਸ਼ਰਮਾ ) ਗੁਰਦੁਆਰਾ ਸ਼ਹੀਦ ਸਿੰਘਾਂ ਪਿੰਡ ਘੁੰਮਣਾਂ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਮਾਤਾ ਗੁਜਰ ਕੌਰ ਜੀ ਅਤੇ ਚਾਰੇ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਘੁੰਮਣਾ-ਵਾਹਦ ਰੋਡ ਵਿਖੇ ਲਗਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਮੋਹਿਤ ਸਿੰਘ ਨੇ ਕਿਹਾ ਕਿ ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਖਾਲਸਾ ਪੰਥ ਦੇ ਸ਼ੂਰਵੀਰਤਾ ਪੂਰਣ ਇਤਿਹਾਸ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੀਆਂ ਹਨ। ਉਹਨਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਦੇਸ਼ ਅਤੇ ਕੌਮ ਦੀ ਤਰੱਕੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਨੌਜਵਾਨਾ ਵਲੋਂ ਲੰਗਰ ਦੀ ਸੇਵਾ ਪੂਰੀ ਸ਼ਰਧਾ ਦੇ ਨਾਲ ਵਰਤਾਈ ਗਈ। ਇਸ ਮੌਕੇ ਪੰਮਾ, ਦੀਸ਼ਾ, ਜਗਦੀਪ ਸਿੰਘ, ਮਨਪ੍ਰੀਤ ਸਿੰਘ, ਮਾਗਾ, ਸਾਬੀ ਆਦਿ ਹਾਜਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਅਜੋਕੇ ਸਮੇਂ 'ਚ ਲੜਕੀਆਂ ਲਈ ਮਾਰਸ਼ਲ ਆਰਟਸ ਦੀ ਟ੍ਰੇਨਿੰਗ ਜਰੂਰੀ - ਅਨੀਤਾ ਸੋਮ ਪ੍ਰਕਾਸ਼




ਫਗਵਾੜਾ (ਸੁਸ਼ੀਲ ਸ਼ਰਮਾ ) ਰਿੰਗ ਬੀਸਟ ਬਾਕਸਿੰਗ ਕਲੱਬ ਫਗਵਾੜਾ ਵੱਲੋਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਤੇ ਚਮਕੌਰ ਦੀ ਜੰਗ 'ਚ ਸ਼ਹੀਦ ਹੋਏ ਸਮੂਹ ਸਿੰਘਾਂ-ਸਿੰਘਣੀਆਂ ਦੀ ਸ਼ਹਾਦਤ ਨੂੰ ਸਮਰਪਿਤ ਬਾਕਸਿੰਗ ਅਤੇ ਥਾਈ ਕਿੱਕ ਬਾਕਸਿੰਗ ਦਾ ਦੋ ਰੋਜਾ ਟਰੇਨਿੰਗ ਕੈਂਪ ਐਸ.ਡੀ. ਪੁੱਤਰੀ ਪਾਠਸ਼ਾਲਾ ਸੀਨੀਅਰ ਸੈਕੈਂਡਰੀ ਸਕੂਲ ਹਦੀਆਬਾਦ ਫਗਵਾੜਾ ਵਿਖੇ ਲਗਾਇਆ ਗਿਆ। ਜਸਵੀਰ ਸਿੰਘ ਸ਼ੇਰਗਿੱਲ ਦੇ ਅਸ਼ੀਰਵਾਦ ਅਤੇ ਪ੍ਰਿੰਸੀਪਲ ਰੀਟਾ ਥਾਪਰ ਸਮੇਤ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਯੋਜਿਤ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸੀਨੀਅਰ ਭਾਜਪਾ ਆਗੂ ਅਤੇ ਸਮਾਜ ਸੇਵਿਕਾ ਅਨੀਤਾ ਸੋਮ ਪ੍ਰਕਾਸ਼ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਸੁਖਵਿੰਦਰ ਸਿੰਘ ਕੰਬੋਜ, ਲਖਵਿੰਦਰ ਸਿੰਘ, ਨਰਿੰਦਰ ਸਿੰਘ ਗੋਲਡੀ, ਯਸ਼ਵੀਰ ਕੋਕਾ ਮੌਜੂਦ ਰਹੇ। ਕੈਂਪ ਦੌਰਾਨ ਕੋਚ ਪ੍ਰਿੰਸ ਕੌਲ ਤੋਂ ਇਲਾਵਾ ਥਾਈ ਕਿੱਕ ਬਾਕਸਿੰਗ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕੁਮਾਰ, ਤਾਈ ਕਵਾਂਡੋ ਕੋਚ ਰਾਜੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਬਾਕਸਿੰਗ ਅਤੇ ਥਾਈ ਕਿੱਕ ਬਾਕਸਿੰਗ ਦੀ ਟਰੇਨਿੰਗ ਦਿੱਤੀ। ਮੁੱਖ ਮਹਿਮਾਨ ਅਨੀਤਾ ਸੋਮ ਪ੍ਰਕਾਸ਼ ਨੇ ਚਾਰੇ ਸਾਹਿਬਜਾਦਿਆਂ ਅਤੇ ਸਮੂਹ ਸ਼ਿਘਾਂ-ਸਿੰਘਣੀਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਉਪਰੰਤ ਰਿੰਗ ਬੀਸਟ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਮਾਰਸ਼ਲ ਆਰਟਸ ਦੀ ਟ੍ਰੇਨਿੰਗ ਖਾਸ ਤੌਰ ਤੇ ਲੜਕੀਆਂ ਨੂੰ ਜਰੂਰ ਲੈਣੀ ਚਾਹੀਦੀ ਹੈ ਤਾਂ ਜੋ ਜਰੂਰਤ ਸਮੇਂ ਉਹ ਇਸ ਕਲਾ ਨੂੰ ਆਪਣੀ ਆਤਮ ਰੱਖਿਆ ਲਈ ਇਸਤੇਮਾਲ ਕਰ ਸਕਣ। ਵਧੇਰੇ ਜਾਣਕਾਰੀ ਦਿੰਦੇ ਹੋਏ ਰਿੰਗ ਬੀਸਟ ਬਾਕਸਿੰਗ ਕਲੱਬ ਦੇ ਸੰਚਾਲਕ ਅਤੇ ਕੋਚ ਪ੍ਰਿੰਸ ਕੌਲ ਨੇ ਦੱਸਿਆ ਕਿ ਕੈਂਪ ਦੌਰਾਨ ਮੁੱਖ ਮਹਿਮਾਨ ਅਤੇ ਪਤਵੰਤਿਆਂ ਵਲੋਂ ਪਿਛਲੇ ਦਿਨੀਂ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ ਅਤੇ ਨੌਰਥ ਇੰਡੀਆ ਮਾਰਸ਼ਲ ਆਰਟ ਐਂਡ ਗੇਮਸ 2024 ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀ ਬਿੰਦੀਆ, ਭਾਰਤੀ, ਮਨਵੀਰ, ਭੂਮਿਕਾ, ਨਿਮਰਤਾ, ਯੁਵਿਕਾ, ਅੰਕਿਤ, ਮੁੰਨੀ ਕੁਮਾਰੀ, ਵੀਰਾ, ਆਨਸੀ, ਨਿਸ਼ੂ ਕੁਮਾਰੀ, ਕਰਨ ਦਾਦਰਾ ਨੂੰ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਹੌਸਲਾ ਅਫਜਾਈ ਵੀ ਕੀਤੀ ਗਈ। ਇਸ ਮੌਕੇ ਭਾਜਪਾ ਆਗੂ ਨਿਤਿਨ ਚੱਡਾ, ਸ਼ਿਲਪਾ ਚੱਡਾ, ਲੈਂਬਰ ਰਾਮ ਤੋਂ ਇਲਾਵਾ ਕੋਚ ਅਤੁਲ ਆਰਯਨ, ਦੀਪਕ ਕੁਮਾਰ ਤੇ ਬੋਬੀ ਨਾਹਰ ਵੀ ਉਚੇਚੇ ਤੌਰ ਤੇ ਮੌਜੂਦ ਸਨ

ਰੋਜ਼ਾਨਾ ਲੋਕ ਬਾਣੀ www.lokbani

# ਮਹੰਤ ਗੰਗਾ ਗਿਰੀ ਜੀ ਦੀ ਸਲਾਨਾ ਬਰਸੀ ਮੌਕੇ ਲਗਾਇਆ ਚਾਹ ਪਕੌੜੇ ਦਾ ਲੰਗਰ





ਫਗਵਾੜਾ ( ਸੁਸ਼ੀਲ ਸ਼ਰਮਾ ) ਸਾਂਈ ਦਾਸ ਸ਼ਿਵਾਲਾ ਸਤ ਨਾਰਾਇਣ ਮੰਦਰ ਸ਼ੁਗਰ ਮਿਲ ਚੌਂਕ ਫਗਵਾੜਾ ਵਿਖੇ ਮਹੰਤ ਗੰਗਾ ਗਿਰੀ ਜੀ ਦੀ ਸਲਾਨਾ ਬਰਸੀ ਸ਼ਰਧਾ ਪੂਰਵਕ ਮਨਾਈ ਗਈ। ਇਸ ਮੌਕੇ ਮੌਕੇ ਚਾਹ ਪਕੌੜੇ ਦਾ ਲੰਗਰ ਵੀ ਲਗਾਇਆ ਗਿਆ। ਜਿਸ ਦੀ ਆਰੰਭਤਾ ਮੁੱਖ ਸੇਵਾਦਾਰ ਮਹੰਤ ਪੁਰਸ਼ੋਤਮ ਗਿਰੀ ਵਲੋਂ ਕਰਵਾਈ ਗਈ। ਇਸ ਮੌਕੇ ਉਹਨਾਂ ਦੱਸਿਆ ਕਿ ਮਹੰਤ ਗੰਗਾ ਗਿਰੀ ਜੀ ਹਮੇਸ਼ਾ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦਿਆਂ ਦੀਨ-ਦੁਖੀਆਂ ਦੀ ਸੇਵਾ ਸਹਾਇਤਾ ਲਈ ਤੱਤਪਰ ਰਹਿੰਦੇ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਲੋੜਵੰਦਾ ਦੀ ਸੇਵਾ ਹੀ ਪਰਮਾਤਮਾ ਦੀ ਅਸਲ ਭਗਤੀ ਹੈ। ਪ੍ਰਮਾਤਮਾ ਕਿਸੇ ਵੀ ਰੂਪ ਵਿਚ ਪ੍ਰਗਟ ਹੋ ਕੇ ਪ੍ਰੀਖਿਆ ਲੈਣ ਵਿਚ ਸਮਰੱਥ ਹੈ। ਉਹਨਾਂ ਮਹੰਤ ਗੰਗਾ ਗਿਰੀ ਜੀ ਦੇ ਪਾਏ ਪੂਰਣਿਆ ਤੇ ਚੱਲਣ ਲਈ ਪ੍ਰੇਰਿਆ ਅਤੇ ਕਿਹਾ ਕਿ ਪ੍ਰਮਾਤਮਾ ਦੀ ਬਖਸ਼ੀ ਇਨਸਾਨੀ ਜਿੰਦਗੀ ਨੂੰ ਹਮੇਸ਼ਾ ਸੱਚ ਦੇ ਰਾਹ ਤੇ ਚਲਦਿਆਂ ਦੀਨ-ਦੁਖੀਆਂ ਦੀ ਸੇਵਾ ਵਿਚ ਲਗਾਉਣਾ ਚਾਹੀਦਾ ਹੈ ਤਾਂ ਹੀ ਮੋਕਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਸੇਵਾਦਾਰਾਂ ਵਲੋਂ ਬੜੀ ਹੀ ਸ਼ਰਧਾ ਤੇ ਪ੍ਰੇਮ ਭਾਵਨਾ ਨਾਲ ਬਰੈੱਡ ਪਕੌੜੇ ਅਤੇ ਚਾਹ ਦੇ ਲੰਗਰ ਦੀ ਸੇਵਾ ਵਰਤਾਈ ਗਈ। ਵੱਡੀ ਗਿਣਤੀ ਵਿਚ ਸੰਗਤਾਂ ਨੇ ਨਤਮਸਤਕ ਹੋ ਕੇ ਭਗਵਾਨ ਭੋਲੇ ਨਾਥ ਅਤੇ ਮੰਹਤ ਗੰਗਾ ਗਿਰੀ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਬੇਅੰਤ ਸਿੰਘ ਪਾਣੀਪਤ, ਪੰਡਿਤ ਚਰਨਜੀਤ ਸ਼ਰਮਾ, ਰਿੰਪਲ ਕੁਮਾਰ ਸਰਪੰਚ ਵਜੀਦੋਵਾਲ, ਪਵਨ ਕੁਮਾਰ ਭਾਰਦਵਾਜ, ਲਾਲੀ ਫਗਵਾੜਾ, ਹਰਜਿੰਦਰ ਸਿੰਘ, ਸੰਜੀਵ ਕੁਮਾਰ, ਯਸ਼ਪਾਲ, ਹਰਪ੍ਰੀਤ ਸਿੰਘ ਆਦਿ ਹਾਜਰ ਸਨ

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

ਯਾਰਾਂ ਦੇ ਸੰਗ ਬਹਿਣ ਨਾ ਦਿੰਦੀ, ਬੇਗ਼ਮ ਮੇਰੀ ,
ਕੱਖ ਵੀ ਪੱਲੇ ਰਹਿਣ ਨਾ ਦਿੰਦੀ ,ਬੇਗ਼ਮ ਮੇਰੀ ,

ਆਪਣੀਆ ਹੀ ਰਹੇ ਸੁਣਾਉਂਦੀ ਸੁਣਦੀ ਨਾ,
ਗੱਲ ਮੈਨੂੰ ਕੋਈ ਕਹਿਣ ਨਾ ਦਿੰਦੀ, ਬੇਗ਼ਮ ਮੇਰੀ ,

ਆਈ ਘਰ ਵਿੱਚ ਮੇਰੀ ਬਣ ਕੇ ਚੰਡੀ ਉਹ,
ਸਾਹ ਵੀ ਸੌਖਾ ਲੈਣ ਨਾ ਦਿੰਦੀ, ਬੇਗ਼ਮ ਮੇਰੀ ,

ਧੋਬੀ ਵਾਂਗਰ ਧੋਂਦੀ ਫੜ ਕੇ ਕੱਪੜੇ ਨੂੰ,
ਦਾਗ ਧੱਬਾ ਕੋਈ ਰਹਿਣ ਨਾ ਦਿੰਦੀ, ਬੇਗ਼ਮ ਮੇਰੀ ,

ਆਵੇ ਜਦੋਂ ਗੁਆਂਢਣ ਲੈਣ ਲਈ ਖ਼ਬਰ ਮੇਰੀ,
ਕੋਲ਼ ਮੇਰੇ ਵੀ ਬਹਿਣ ਨਾ ਦਿੰਦੀ,ਬੇਗ਼ਮ ਮੇਰੀ ,

ਸਾਰੇ ਪਿੰਡ ਦੀ ਕਰਦੀ ਚੁਗਲੀ ਕੋਲ ਮੇਰੇ,
ਇੱਕ ਵੀ ਢਿੱਡ ਚ ਰਹਿਣ ਨਾ ਦਿੰਦੀ, ਬੇਗ਼ਮ ਮੇਰੀ,

ਕਹਿੰਦੀ ਰੋਜ਼ ਹੀ ਰੋਟੀ ਲਈ ਕਰ ਕੰਮ ਧੰਦਾ,
ਪਲ ਵੀ ਵਿਹਲਾ ਬਹਿਣ ਨਾ ਦਿੰਦੀ,ਬੇਗ਼ਮ ਮੇਰੀ,

ਹਫ਼ਤੇ ਵਿੱਚ ਦੋ ਵਾਰੀ ਜਾਵੇ ਪਾਰਲਰ ਨੂੰ
ਮੂੰਹ ਤੇ ਝੁਰੜੀ ਪੈਣ ਨਾ ਦਿੰਦੀ, ਬੇਗ਼ਮ ਮੇਰੀ ,

ਕੈਂਚੀ ਨਾਲੋਂ ਤਿੱਖੀ ਹੈ ਜ਼ੁਬਾਨ ਉਹਦੀ,
ਘਰ ਵਿੱਚ ਸ਼ਾਂਤੀ ਰਹਿਣ ਨਾ ਦਿੰਦੀ, ਬੇਗ਼ਮ ਮੇਰੀ ,

ਬਟੂਏ ਉਤੇ ਰਹਿੰਦੀ ਹਰਦਮ ਨਜ਼ਰ ਉਹਦੀ,
ਨੋਟ ਵੱਡੇ ਵਿੱਚ ਰਹਿਣ ਨਾ ਦਿੰਦੀ,ਬੇਗ਼ਮ ਮੇਰੀ,

ਖੋਰੇ ਖਾ ਕੇ ਜੰਮੀ ਕੀ ਉਹ ਮਾਤਾ ਨੇ,
ਨੱਕ ਤੇ ਮੱਖੀ ਬਹਿਣ ਨਾਂ ਦਿੰਦੀ, ਬੇਗ਼ਮ ਮੇਰੀ

ਬੱਚੇ ਬਾਹਰ ਭੇਜਣੇ ਕਹੇ ਦਵਿੰਦਰ ਨੂੰ,
ਜੇਬ ਚ ਪੰਜੀ ਰਹਿਣ ਨਾ ਦਿੰਦੀ, ਬੇਗ਼ਮ ਮੇਰੀ ,


ਕੈਪਟਨ ਦਵਿੰਦਰ ਸਿੰਘ ਜੱਸਲ

# ਖਰੜ ਵਿਖੇ 'ਨਿੱਕੀਆਂ ਜ਼ਿੰਦਾਂ ਵੱਡੇ ਸਾਕੇ' ਸਾਕਾ-ਏ-ਸਰਹਿੰਦ ਨਾਟਕ ਖੇਡਿਆ

ਖਰੜ, (ਕਾਲਾ ਸਿੰਘ ਸੈਣੀ )-ਛੋਟੇ ਸ਼ਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਿੱਖ ਯੂਥ ਕਮੇਟੀ ਖਰੜ ਵਲੋਂ ਗੁਰਦੁਆਰਾ ਸਿੰਘ ਸਭਾ ਜਨਤਾ ਚੌਂਕ ਖਰੜ ਵਿਖੇ ਧਾਰਮਿਕ ਨਾਟਕ 'ਨਿੱਕੀਆਂ ਜ਼ਿੰਦਾਂ ਵੱਡੇ ਸਾਕੇ' ਸਾਕਾ-ਏ-ਸਰਹਿੰਦ ਧਾਰਮਿਕ ਨਾਟਕ ਦਾ ਮੰਚਨ ਕਰਵਾਇਆ ਗਿਆ। ਸਭ ਤੋਂ ਪਹਿਲਾ ਬੱਚਿਆਂ ਵਲੋਂ ਸ਼ਬਦ ਕੀਤਰਨ ਅਤੇ ਕਵਿਤਾਵਾਂ ਨਾਲ ਹਾਜ਼ਰੀ ਲਗਾਈ ਗਈ। ਇਸ ਮੌਕੇ ਦੇਵਿੰਦਰ ਸਿੰਘ ਬਤਰਾ ਪ੍ਰਧਾਨ ਸਿੱਖ ਯੂਥ ਕਮੇਟੀ ਖਰੜ,ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਰਾਜਿੰਦਰ ਸਿੰਘ, ਜਰਨਲ ਸੈਕਟਰੀ ਮਨਿੰਦਰ ਸਿੰਘ, ਨੇ ਦੱਸਿਆ ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ,ਸਿੱਖ ਯੂਥ ਕਮੇਟੀ ਖਰੜ, ਬਾਬਾ ਜੁਝਾਰ ਸਿੰਘ ਕਲੱਬ, ਇਸਤਰੀ ਸਭਾ ਸਤਿਸੰਗ,ਗੁਰੂ ਘਰ ਦੇ ਦਾਸ ਸੇਵਾ ਸੁਸਾਇਟੀ ਖਰੜ ਅਤੇ ਸੰਗਤਾਂ ਦੇ ਸਹਿਯੋਗ ਸਦਕਾ ਹੀ ਇਹ ਪ੍ਰੋਗਰਾਮ ਕਰਵਾਇਆ ਗਿਆ ਹੈ। ਇਸ ਮੌਕੇ ਯੂਨੀਵਰਸਲ ਆਰਟ ਕਲਚਰ ਵੈਲਫੇਅਰ ਸੋਸਾਇਟੀ ਦੀ ਪੇਸ਼ਕਸ਼ ਨਿਰਦੇਸ਼ਕ ਨਰਿੰਦਰ ਪਾਲ ਸਿੰਘ ਨੀਨਾ ਦੇ ਨਿਰਦੇਸ਼ਨਾਂ ਹੇਠ ਨਾਟਕ 'ਨਿੱਕੀਆਂ ਜ਼ਿੰਦਾਂ ਵੱਡੇ ਸਾਕੇ' ਸਾਕਾ-ਏ-ਸਰਹਿੰਦ ਖੇਡਿਆ ਗਿਆ। ਇਸ ਮੌਕੇ ਨਿਰਦੇਸ਼ਕ ਨਰਿੰਦਰ ਪਾਲ ਸਿੰਘ ਨੀਨਾ ਨੇ ਕਲਾਕਾਰਾਂ ਦੀ ਜਾਣ-ਪਛਾਣ ਕਰਵਾਈ। ਜਿਨਾਂ ਵਿੱਚ ਗੋਪਾਲ ਸ਼ਰਮਾ,ਤੇਜ਼ਿੰਦਰ ਜੋਸ਼ੀ,ਸੁਖਵੀਰ ਪਾਲ ਕੌਰ ਅਨੂਰੀਤ ਪਾਲ ਕੌਰ,ਕਿਰਨ ਸਭਰਵਾਲ,ਆਸ਼ਾ ਸਖਲਾਨੀ,ਮਨਦੀਪ ਸਿੰਘ,ਗਗਨਦੀਪ ਸਿੰਘ,ਹਰਪ੍ਰੀਤ ਸਿੰਘ,ਹਰਜੀਤ ਸਿੰਘ,ਵਿਕਰਮ ਸਿੰਘ ਵਿੱਕੀ,ਹਰਦੀਪ ਸਿੰਘ,ਅਨੂਰਾਗ ਅਰੋੜਾ,ਸਿਮਰਨਜੀਤ ਸਿੰਘ,ਗੁਰਜੀਤ ਸਿੰਘ,ਸਿਮਰਨਜੀਤ ਸਿੰਘ,ਈਸ਼ਮੀਤ ਸਿੰਘ ਅਤੇ ਚੇਤਨ ਸਿੰਘ ਵਲੋਂ ਆਪਣੀ ਵਿਲੱਖਣ ਅਦਾਕਾਰੀ ਨਾਲ ਸੰਗਤਾਂ ਨੂੰ ਭਾਵੁਕ ਕੀਤਾ। ਇਸ ਮੌਕੇ ਹਰਪ੍ਰੀਤ ਸਿੰਘ ਸੂਦਨ,ਮਨਪ੍ਰੀਤ ਸਿੰਘ ਗੋਲਡੀ ਬਤਰਾ,ਦੇਵਿੰਦਰ ਸਿੰਘ ਸੰਨੀ,ਗੁਰਪ੍ਰੀਤ ਸਿੰਘ ਲਵਲੀ,ਆਗਿਆਪਾਲ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।







# ਨਗਰ ਘੜੂੰਆਂ ਦੀ ਤਰੱਕੀ ਲਈ ਇਕਜੁੱਟ ਹੋ ਕੇ ਕੰਮ ਕਰਨ ਸਮੂਹ ਕੌਂਸਲਰ : ਜਗਤਾਰ ਘੜੂੰਆਂ



ਖਰੜ, (ਕਾਲਾਂ ਸੰਘ ਸੈਣੀ )-ਨਗਰ ਪੰਚਾਇਤ ਘੜੂੰਆਂ ਦੀ ਹੋਈ ਚੋਣਾਂ ਵੱਚ ਨਗਰ ਪੰਚਾਇਤ ਘੜੂੰਆਂ ਦੇ ਨਵੇਂ ਚੁਣੇ ਗਏ ਸਮੂਹ ਕੌਂਸਲਰਾਂ ਦੀ ਮੀਟਿੰਗ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਦੇ ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆਂ ਦੀ ਅਗਵਾਈ ਹੇਠ ਹੋਈ। ਉਨਾਂ ਕਹਾਂ ਕ ਨਗਰ ਘੜੂੰਆਂ ਦੀ ਤਰੱਕੀ ਲਈ ਚੁਣੇ ਗਏ ਸਮੂਹ ਕੌਂਸਲਰ ਇੱਕਜੁਟ ਹੋ ਕੇ ਕੰਮ ਕਰਨਗੇ ਤਾਂ ਜੋ ਵਿਧਾਇਕ ਡਾਕਟਰ ਚਰਨਜੀਤ ਸਿੰਘ ਦੀ ਅਗਵਾਈ ਵਿੱਚ ਜੰਗੀ ਪੱਧਰ ਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਨੂੰ ਇਸੇ ਤਰ੍ਹਾਂ ਹੀ ਜਾਰੀ ਰੱਖਿਆ ਜਾ ਸਕੇ ਅਤੇ ਨਗਰ ਘੜੂੰਆਂ ਇੱਕ ਮਾਡਲ ਨਗਰ ਬਣਾ ਸਕੇ । ਇਸ ਮੌਕੇ ਜਗਤਾਰ ਸਿੰਘ ਘੜੂੰਆਂ ਨੇ ਕਿਹਾ ਕਿ ਹਲਕਾ ਸ੍ਰੀ ਚਮਕੌਰ ਸਾਹਿਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਵਿਧਾਇਕ ਡਾ. ਚਰਨਜੀਤ ਸਿੰਘ ਦੀ ਅਗਵਾਈ ਵਿੱਚ ਜੰਗੀ ਪੱਧਰ ਤੇ ਵਿਕਾਸ ਕਾਰਜਾਂ ਦੇ ਕੰਮ ਚੱਲ ਰਹੇ ਹਨ ਅਤੇ ਹਲਕੇ ਦੇ ਲੋਕਾਂ ਦਾ ਵੀ ਪੂਰਾ ਸਾਥ ਮਿਲ ਰਿਹਾ ਹੈ ਇਸ ਮੌਕੇ ਕੌਂਸਲਰ ਹਰਪ੍ਰੀਤ ਸਿੰਘ ਭੰਡਾਰੀ ਨੇ ਕਿਹਾ ਕਿ ਲੋਕਾਂ ਦਾ ਧੰਨਵਾਦ ਕਰਨ ਲਈ ਮਿਤੀ 6 ਜਨਵਰੀ ਨੂ ਸ਼ੁਕਰਾਨਾਂ ਕਰਨ ਲਈ ਡੇਰਾ ਬਾਬਾ ਜੱਗਾ ਜੀ ਘੜੂੰਆਂ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ। ਇਸ ਮੌਕੇ ਮਨਦੀਪ ਸਿੰਘ ਬਲਾਕ ਪ੍ਰਧਾਨ, ਰੋਬਿਨ, ਮਨਪ੍ਰੀਤ ਸਿੰਘ, ਅਮ੍ਰਿਤਪਾਲ ਸਿੰਘ, ਸ਼ਮਸ਼ੇਰ ਸਿੰਘ, ਇੰਦਰਜੀਤ ਸਿੰਘ, ਜਸ਼ਨਪ੍ਰੀਤ ਸਿੰਘ, ਲਾਲੀ ਪੰਚ, ਮਨਪ੍ਰੀਤ ਸਿੰਘ, ਸੁੱਖਾ, ਬਿਕਰਮਜੀਤ ਸਿੰਘ ,ਦਮਨ, ਰਮਨਦੀਪ ਸੋਨੀ, ਜਗਦੀਸ਼ ਸਿੰਘ ਫੋਜੀ, ਦਲਜੀਤ ਸਿੰਘ,ਹਰਵਿੰਦਰ ਸਿੰਘ, ਨਰਿੰਦਰ ਸਿੰਘ, ਭਗਤਾਂ, ਬਿੱਟੂ, ਰਣਜੀਤ ਸਿੰਘ, ਮੋਹਣ ਸਿੰਘ ਅਤੇ ਨਗਰਾਂ ਨਵਾਸੀ ਹਾਜਰ ਸਨ।

# ਸਾਨੂੰ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਤ ਕਰਨਾ ਚਾਹੀਦੈ :ਚੇਅਰਮੈਨ ਬੱਲ



ਅੰਮ੍ਰਿਤਸਰ, (ਲੋਕ ਬਾਣੀ) ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਮਲਕੀਤ ਸਿੰਘ ਬੱਲ ਨੇ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੋਈ ਦੇਣ ਨਹੀਂ ਦੇ ਸਕਦਾ ਜਿਹਨਾਂ ਨੇ ਸਿੱਖ ਪੰਥ ਲਈ ਆਪਣਾ ਪੂਰਾ ਸਰਬੰਸ ਵਾਰਨ ਤੋਂ ਗੁਰੇਜ਼ ਨਹੀਂ ਕੀਤਾ।ਛੋਟੀ ਉਮਰ ਚ ਪਿਤਾ ਦੀ ਸ਼ਹਾਦਤ, ਫੇਰ ਮਾਤਾ ਤੇ ਚਾਰ ਸਾਹਿਬਜਾਦਿਆਂ ਦੀ ਸ਼ਹਾਦਤ ਕਿਸੇ ਕੋਲੋਂ ਨਹੀਂ ਭੁੱਲੀ। ਸਾਡਾ ਫਰਜ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿੱਖ ਧਰਮ ਦੀਆਂ ਸ਼ਹਾਦਤਾਂ ਤੋਂ ਜਾਣੂ ਕਰਵਾਈਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਪਤਾ ਲੱਗੇ ਸਿੱਖ ਧਰਮ ਸ਼ਹਾਦਤਾਂ ਨਾਲ ਭਰਿਆ ਪਿਆ ਹੈ । ਆਪਣੇ ਬੱਚਿਆਂ ਨੂੰ ਸਿੱਖ ਧਰਮ ਨਾਲ ਸਬੰਧਿਤ ਸਾਰੇ ਧਾਰਮਿਕ ਸਥਾਨ ਵਿਖਾਉਂਣੇ ਚਾਹੀਦੇ ਨੇ ਤੇ ਖਾਸ਼ ਤੋਰ ਤੇ ਸਾਹਿਬਜਾਦਿਆਂ ਦੀ ਸ਼ਹਾਦਤਾਂ ਨਾਲ ਸਬੰਧਿਤ ਸਥਾਨ ਵੀ ਤਾਂ ਜੋ ਸਾਡੇ ਬੱਚੇ ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ ਤੇ ਚੱਲਦੇ ਰਹਿਣ।

# ਗਿੱਦੜਬਾਹਾ ਦੇ ਸੀਵਰੇਜ ਸਿਸਟਮ ਦਾ ਬੁਰਾ ਹਾਲ ਥੋੜੀ ਜਿਹੀ ਬਾਰਿਸ਼ ਨਾਲ ਹੀ ਸ਼ਹਿਰ ਦੇ ਅੰਦਰ ਭਰਿਆ ਪਾਣੀ ਆਉਣ ਜਾਣ ਦੇ ਵਿੱਚ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਕਰਨਾ ਪੈਂਦਾ ਹੈ ਸਾਹਮਣਾ

ਗਿੱਦੜਬਾਹਾ(ਲੋਕ ਬਾਣੀ) ਬੀਤੇ ਦਿਨ ਹੀ ਪਈ ਥੋੜੀ ਜਿਹੀ ਬਾਰਿਸ਼ ਦੇ ਕਾਰਨ ਸ਼ਹਿਰ ਦੇ ਅੰਦਰ ਭਰਿਆ ਬਾਰਿਸ਼ ਦਾ ਪਾਣੀ ਨੂੰ ਲੈ ਕੇ ਸੀਵਰੇਜ ਸਿਸਟਮ ਦਾ ਅਜੇ ਵੀ ਹੈ ਬੁਰਾ ਹਾਲ ਇੱਕ ਪਾਸੇ ਤਾਂ ਸਰਕਾਰ ਦੇ ਨੁਮਾਇੰਦੇ ਕਹਿੰਦੇ ਇਹ ਕੁਝ ਦਿਨਾਂ ਦੇ ਵਿੱਚ ਸੀਵਰੇਜ ਸਿਸਟਮ ਦਾ ਮਸਲਾ ਹੱਲ ਹੋ ਜਾਏਗਾ ਹੁਣ ਤਾਂ ਲੋਕਾਂ ਨੇ ਆਮ ਆਦਮੀ ਪਾਰਟੀ ਦਾ ਗਿੱਦੜਬਾਹਾ ਤੋਂ ਐਮਐਲਏ ਵੀ ਬਣਾ ਦਿੱਤਾ ਪਰ ਅਜੇ ਵੀ ਮਸਲਾ ਹੱਲ ਨਹੀਂ ਹੋ ਰਿਹਾ ਸੀਵਰੇਜ ਸਿਸਟਮ ਦਾ ਅਜਿਹਾ ਬੁਰਾ ਹਾਲ ਹੈ ਥੋੜੀ ਜਿਹੀ ਬਾਰਿਸ਼ ਦੇ ਨਾਲ ਬੱਸ ਸਟੈਂਡ ਰੋਡ ਤੋਂ ਲੈ ਕੇ ਘੰਟਾ ਘਰ ਚੌਂਕ ਤੱਕ ਅਤੇ ਸਰਕੂਲਰ ਰੋਡ ਉੱਪਰ ਵੀ ਪਾਣੀ ਭਰ ਜਾਂਦਾ ਹੈ ਜਦੋਂ ਹੀ ਥੋੜੀ ਜਿਹੀ ਬਾਰਿਸ਼ ਪੈਂਦੀ ਹੈ ਅਜਿਹਾ ਹਾਲ ਹੋ ਜਾਂਦਾ ਹੈ ਇਕ ਪਾਸੇ ਤਾਂ ਕਹਿੰਦੇ ਨੇ ਸੀਵਰੇਜ ਵਾਸਤੇ ਕਰੋੜਾਂ ਰੁਪਏ ਲਗਾ ਕੇ ਪਾਈਪਾਂ ਪਾਈਆਂ ਜਾ ਰਹੀਆਂ ਹਨ ਜਿਮਨੀ ਚੋਣ ਤੋਂ ਪਹਿਲਾਂ ਇਹੀ ਗੱਲਾਂ ਸੁਣਦੇ ਆ ਰਹੇ ਹਾਂ ਆਮ ਆਦਮੀ ਪਾਰਟੀ ਦੇ ਆਗੂਆਂ ਤੋਂ ਪਰ ਅਜੇ ਤੱਕ ਸੀਵਰੇਜ ਸਿਸਟਮ ਦਾ ਕੋਈ ਮਸਲਾ ਹੱਲ ਨਹੀਂ ਹੋਇਆ ਇਹ ਤਾਂ ਹੁਣ ਉਹੀ ਗੱਲ ਹੋ ਗਈ ਜੋ ਸਾਬਕਾ ਐਮਐਲਏ ਵੱਲੋਂ ਲੋਕਾਂ ਨੂੰ ਮਿੱਠੀਆਂ ਗੋਲੀਆਂ ਦਿੱਤੀਆਂ ਜਾ ਰਹੀਆਂ ਸਨ ਉਸੇ ਤਰ੍ਹਾਂ ਹੀ ਹੁਣ ਲੱਗ ਰਿਹਾ ਹੈ ਸੀਵਰੇਜ ਸਿਸਟਮ ਦਾ ਮਸਲਾ ਹੱਲ ਹੁੰਦਾ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਜਦੋਂ ਸੀਵਰੇਜ ਸਿਸਟਮ ਥੋੜਾ ਜਿਹਾ ਬਲੋਕ ਹੋ ਜਾਂਦਾ ਹੈ ਤਾਂ ਬਾਰਿਸ਼ ਦਾ ਪਾਣੀ ਸੜਕਾਂ ਤੇ ਦੋ ਤੋ ਤਿੰਨ ਦਿਨ ਤੱਕ ਖੜਾ ਰਹਿੰਦਾ ਹੈ ਹਾਲ ਹੁਣ ਉਹੀ ਹੀ ਹੈ ਜੋ ਪਹਿਲਾਂ ਕਾਂਗਰਸ ਦੇ ਸਾਬਕਾ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਂ ਹੁੰਦਾ ਸੀ ਕਿਉਂਕਿ ਅਜਿਹਾ ਹਾਲ ਪਹਿਲਾ ਵੀ ਹੁੰਦਾ ਸੀ ਜਦੋਂ ਬਾਰਿਸ਼ ਹੁੰਦੀ ਸੀ ਉਦੋਂ ਹੀ ਸੜਕ ਦੇ ਉੱਪਰ ਪਾਣੀ ਭਰ ਜਾਂਦਾ ਸੀ ਬਾਰਿਸ਼ ਦੇ ਪਾਣੀ ਭਰ ਜਾਣ ਦੇ ਕਾਰਨ ਲੋਕਾਂ ਦੇ ਮੋਟਰਸਾਈਕਲ ,ਕਾਰਾ, ਆਦਿ ਬਾਰਿਸ਼ ਦੇ ਪਾਣੀ ਦੇ ਵਿੱਚ ਬੰਦ ਹੋ ਜਾਂਦੇ ਹਨ ਅਤੇ ਇਥੋਂ ਤੱਕ ਕਿ ਲੋਕਾਂ ਨੂੰ ਭਾਰੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਈ ਵਾਰ ਤਾਂ ਇੰਨੀ ਜਿਆਦਾ ਬਾਰਿਸ਼ ਹੋਣ ਦੇ ਕਾਰਨ ਲੋਕਾਂ ਦੀਆਂ ਦੁਕਾਨਾਂ ਦੇ ਵਿੱਚ ਬਾਰਿਸ਼ ਦਾ ਪਾਣੀ ਭਰ ਜਾਂਦਾ ਹੈ ਜਿਸ ਕਰਕੇ ਲੋਕ ਆਪਣੀਆਂ ਦੁਕਾਨਾਂ ਬੰਦ ਕਰਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ ਅਜਿਹੇ ਹਾਲਾਤ ਹਨ ਗਿੱਦੜਬਾਹਾ ਮੰਡੀ ਦੇ ਲੋਕਾਂ ਨੂੰ ਕਦੋਂ ਇਸ ਸੀਵਰੇਜ ਸਿਸਟਮ ਦੇ ਅਜਿਹੇ ਹਾਲਾਤਾਂ ਤੋਂ ਕਦੋਂ ਛੁਟਕਾਰਾ ਮਿਲੇਗਾ ਕਿਉਂਕਿ ਕਈ ਜਗ੍ਹਾ ਤੇ ਸੀਵਰੇਜ ਦਾ ਪਾਣੀ ਪੀਣ ਵਾਲੇ ਪਾਣੀ ਦੇ ਵਿੱਚ ਮਿਕਸ ਹੋ ਕੇ ਲੋਕਾਂ ਦੇ ਘਰਾ ਦੇ ਵਿੱਚ ਚਲਾ ਜਾਂਦਾ ਹੈ ਜੋਂ ਕਿ ਲੋਕਾਂ ਦੇ ਪੀਣ ਯੋਗ ਤੇ ਕਿੱਥੇ ਨਹਾਉਣ ਯੋਗ ਵੀ ਨਹੀਂ ਹੁੰਦਾ ਕਈ ਗਲੀਆਂ ਮੁਹੱਲਿਆਂ ਦੇ ਵਿੱਚ ਅਜਿਹੇ ਹਾਲਾਤ ਹਨ ਕੀ ਕਈ ਗਲੀ ਮੁਹੱਲਿਆਂ ਦੇ ਵਿੱਚ ਸੀਵਰੇਜ ਦਾ ਪਾਣੀ ਭਰਿਆ ਹੀ ਰਹਿੰਦਾ ਹੈ ਚਾਹੇ ਬਾਰਿਸ਼ ਹੋਈ ਹੋਵੇ ਚਾਹੇ ਨਾ ਸੀਵਰੇਜ ਦਾ ਬੁਰਾ ਹੈ ਹਾਲ ਇਹ ਸਿਆਸੀ ਲੀਡਰ ਸਿਰਫ ਵੋਟਾਂ ਲੈਣ ਦੀ ਖਾਤਰ ਲਾਰੇ ਲਗਾਉਂਦੇ ਨੇ ਵੋਟਾਂ ਲੈ ਕੇ ਮੁੜਕੇ ਲੋਕਾਂ ਦੀ ਬਾਤ ਨਹੀਂ ਪੁੱਛਦੇ ਇਸ ਸੰਬੰਧੀ ਕੁਝ ਲੋਕਾਂ ਨੇ ਦੱਸਿਆ ਕਿ ਥੋੜ੍ਹੀ ਜਹੀ ਬਾਰਿਸ਼ ਪੈਣ ਦੇ ਨਾਲ ਸਾਡੀ ਗਲੀਆਂ ਦੇ ਵਿਚ ਸੀਵਰੇਜ ਸਿਸਟਮ ਬਲੋਕ ਹੋ ਜਾਂਦਾ ਹੈ ਇਹੇ ਪਹਿਲਾਂ ਵੀ ਇਹੇ ਹਾਲ ਅਤੇ ਹੁਣ ਵੀ ਉਹੋ ਹੀ ਹਾਲ ਇਹੇ ਜਿਹੜੇ ਸਿਆਸੀ ਲੀਡਰ ਸਿਰਫ ਲੋਕਾਂ ਨੂੰ ਮਿੱਠੀਆਂ ਗੋਲੀਆਂ ਦੇ ਕੇ ਵੋਟਾਂ ਲੈ ਕੇ ਚਲੇ ਜਾਂਦੇ ਹਨ ਫਿਰ ਕੋਈ ਆ ਕੇ ਬਾਤ ਤੱਕ ਨਹੀਂ ਪੁੱਛਦੇ ਕਿਉਂਕਿ ਜਦੋਂ ਕੋਈ ਵੀ ਵੋਟਾਂ ਹੁੰਦੀ ਹਨ ਉਸ ਸਮੇਂ ਤਾਂ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ ਉਸ ਤੋਂ ਬਾਅਦ ਕੋਈ ਆ ਕੇ ਪੁੱਛਦਾ ਵੀ ਨਹੀਂ ਕੰਮ ਤਾ ਲੋਕਾਂ ਦੇ ਕੀ ਕਰਨੇ ਹਨ ਅਜਿਹੇ ਹਲਾਤਾਂ ਪਹਿਲਾਂ ਜਦੋਂ ਇਸ ਹਲਕੇ ਦੇ ਐਮਐਲਏ ਸ ਮਨਪ੍ਰੀਤ ਸਿੰਘ ਬਾਦਲ ਸਾਹਿਬ ਹੁੰਦੇ ਸਨ ਉਸ ਸਮੇਂ ਵੀ ਸਾਡੀਆਂ ਗਲੀਆਂ ਦੇ ਵਿਚ ਸੀਵਰੇਜ ਦਾ ਪਾਣੀ ਭਰਿਆ ਹੀ ਰਹਿੰਦਾ ਸੀ ਉਸ ਬਾਅਦ ਕਾਂਗਰਸ ਪਾਰਟੀ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਬਣਿਆ ਉਸ ਨੇ ਵੀ ਕੋਈ ਕੰਮ ਨਹੀਂ ਕਰਿਆ ਉਸ ਨੇਂ ਤੇ ਕਿਸੇ ਨੂੰ ਮਾ ਅਤੇ ਕਿਸੇ ਨੂੰ ਪਿਓ ਬਣਾਇਆ ਵੋਟਾਂ ਲਈਆਂ ਅਤੇ ਫਿਰ ਮੁੜ ਕੇ ਮੂੰਹ ਤੱਕ ਨਹੀਂ ਦਿਖਾਇਆ ਅਜਿਹੇ ਹਾਲਾਤ ਸਨ ਉਸ ਸਾਬਕਾ ਐਮਐਲਏ ਦੇ ਪਰ ਹੁਣ ਆਮ ਆਦਮੀ ਪਾਰਟੀ ਦੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਇਸ ਵਾਰ ਗਿੱਦੜਬਾਹਾ ਦਾ ਐਮਐਲਏ ਬਣਾਇਆ ਹੈ ਉਸਨੇ ਵੀ ਬੜੇ ਵਾਅਦੇ ਕੀਤੇ ਹਨ ਵੀ ਮੈਂ ਢਾਈ ਸਾਲਾਂ ਦੇ ਵਿੱਚ ਬਹੁਤ ਕੰਮ ਕਰਕੇ ਵਿਖਾਵਾਂਗਾ ਪਰ ਅਜੇ ਤਾਂ ਸੀਵਰੇਜ ਸਿਸਟਮ ਦਾ ਮਸਲਾ ਹੀ ਹੱਲ ਨਹੀਂ ਹੋਇਆ ਅੱਗੇ ਦੇਖੋ ਕੀ ਕਰਦਾ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਗਿੱਦੜਬਾਹਾ ਦਾ ਕੌਣ ਮਸਲਾ ਹੱਲ ਕਰੇਗਾ




# ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਪੀ.ਐਮ.ਵਿਸ਼ਵਕਰਮਾ ਸਕੀਮ ਡਿਸਟ੍ਰਿਕਟ ਇੰਪਲੀਮੈਂਟੇਸ਼ਨ ਕਮੇਟੀ ਦੀ ਮੀਟਿੰਗ ਦਾ ਆਯੋਜਨ

ਮਾਲੇਰਕੋਟਲਾ :(ਕਿਮੀ ਅਰੋੜਾ,ਅਸਲਮ ਨਾਜ਼) ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰਧਾਨ ਮੰਤਰੀ ਵਿਸ਼ਵਕਰਮਾ ਸਕੀਮ ਸਬੰਧੀ ਡਿਸਟ੍ਰਿਕਟ ਇੰਪਲੀਮੈਨਟੇਸ਼ਨ ਕਮੇਟੀ ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਇਸ ਸਕੀਮ ਅਧੀਨ ਆਈਆਂ ਅਰਜ਼ੀਆਂ ਨੂੰ ਵੈਰੀਫਾਈ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਹੱਥੀਂ ਅਤੇ ਰਵਾਇਤੀ ਔਜ਼ਾਰਾਂ ਨਾਲ ਕੰਮ ਕਰਨ ਵਾਲੇ ਹੁਨਰਮੰਦਾਂ ਨੂੰ ਉਤਸ਼ਾਹਿਤ ਕਰਨ ਲਈ ਅਤੇ ਕੰਮ ਨੂੰ ਵਧਾਉਣ ਲਈ ਇਸ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਸਕੀਮ ਸਬੰਧੀ ਹੇਠ ਪੱਧਰ ਤੱਕ ਪੁਹੰਚ ਬਣਾ ਕੇ ਵੱਧ ਤੋਂ ਵੱਧ ਹੱਥੀਂ ਅਤੇ ਰਵਾਇਤੀ ਔਜ਼ਾਰਾਂ ਨਾਲ ਕੰਮ ਕਰਨ ਵਾਲੇ ਹੁਨਰਮੰਦਾਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਜੋ ਇਸ ਸਕੀਮਾਂ ਦਾ ਵੱਧ ਤੋਂ ਵੱਧ ਉਹ ਲਾਹਾ ਲੈ ਸਕਣ।

ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਮਾਲੇਰਕੋਟਲਾ ਮਨਿੰਦਰ ਸਿੰਘ ਨੇ ਡਿਸਟ੍ਰਿਕਟ ਇੰਪਲੀਮੈਨਟੇਸ਼ਨ ਕਮੇਟੀ ਕੋਲ ਸਟੇਜ-2 ਦੀ ਵੈਰੀਫਿਕੇਸ਼ਨ ਅਧੀਨ 94 ਪੈਂਡਿੰਗ ਕੇਸ ਨੂੰ ਰੱਖਦਿਆ ਇਸ ਸਕੀਮ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਵੱਖ-ਵੱਖ ਤਰ੍ਹਾਂ ਤੇ ਕਿੱਤਿਆਂ ਜਿਵੇਂ ਕੇ ਦਰਜੀ, ਧੋਬੀ, ਲੌਹਾਰ, ਘੁਮਿਆਰ,




ਮਾਲਾਕਰ ਆਦਿ ਨਾਲ ਸਬੰਧਤ ਹੁਨਰਮੰਦਾਂ ਨੂੰ ਟ੍ਰੇਨਿੰਗ, ਟੂਲ ਕਿੱਟ ਅਤੇ ਰਿਆਇਤੀ ਵਿਆਜ ਦਰਾਂ ਅਤੇ ਬੈਂਕ ਕਰਜੇ ਮੁੱਹਈਆ ਕਰਵਾਏ ਜਾਂਦੇ ਹਨ।ਜਿਨ੍ਹਾਂ ਦੀ ਰਜਿਸਟ੍ਰੇਸ਼ਨ ਸੀ.ਐਸ.ਸੀ (ਕਾਮਨ ਸਰਵਿਸ ਸੈਂਟਰ) ਰਾਹੀਂ ਕੀਤੀ ਜਾ ਰਹੀ ਹੈ। ਇਸ ਸਕੀਮ ਅਧੀਨ ਪਹਿਲੀ ਸਟੇਜ ਦੌਰਾਨ ਪੇਂਡੂ ਖੇਤਰ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਤੇ ਸ਼ਹਿਰੀ ਖੇਤਰ ਵਿੱਚ ਕਾਰਜ ਸਾਧਕ ਅਫਸਰ ਵੱਲੋਂ ਸੀ.ਐਸ.ਸੀ ਅਧੀਨ ਰਜਿਸਟਰ ਹੋਏ ਪ੍ਰਾਰਥੀਆਂ ਦੀ ਨਿੱਜੀ ਪੱਧਰ ਤੇ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਇਹ ਕੇਸ ਡਿਸਟ੍ਰਿਕਟ ਇੰਪਲੀਮੈਨਟੇਸ਼ਨ ਕਮੇਟੀ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਚੁਣੇ ਗਏ ਪ੍ਰਾਰਥੀਆਂ ਨੂੰ 15 ਦਿਨਾਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਟ੍ਰੇਨਿੰਗ ਦੋਰਾਨ ਰੋਜਾਨਾ 500 ਰੁ: ਸਟਾਇਪੈਂਡ ਅਤੇ 15000 ਰੁ: ਦੀ ਟੂਲ-ਕਿੱਟ ਦਿੱਤੀ ਜਾਂਦੀ ਹੈ। ਟ੍ਰੇਨਿੰਗ ਪੂਰੀ ਹੋਣ ਉਪਰੰਤ ਇੱਕ ਲੱਖ ਰੁਪਏ ਤੱਕ ਦਾ ਲੋਨ 5 ਫ਼ੀਸਦੀ ਵਿਆਜ ਦਰ ਤੇ 18 ਮਹੀਨਿਆਂ ਲਈ ਦਿੱਤਾ ਜਾਂਦਾ ਹੈ। ਪਹਿਲਾ ਲੋਨ ਸਫਲਤਾ ਪੂਰਵਕ ਪੂਰ ਹੋਣ ਤੇ 2 ਲੱਖ ਰੁਪਏ ਤੱਕ ਦਾ ਲੋਨ 5 ਫ਼ੀਸਦੀ ਵਿਆਜ ਦਰ ਤੇ 30 ਮਹੀਨਿਆਂ ਲਈ ਦਿੱਤਾ ਜਾਂਦਾ ਹੈ। ਇਸ ਮੌਕੇ ਕਾਰਜ ਸਾਧਕ ਅਫ਼ਸਰ ਅਪਰਅਪਾਰ ਸਿੰਘ,ਕਾਰਜ ਸਾਧਕ ਅਫ਼ਸਰ ਵਿਕਾਸ ਉੱਪਲ, ਬੀ.ਡੀ.ਪੀ.ਓ ਜੁਗਰਾਜ ਸਿੰਘ, ਪੰਚਾਇਤ ਅਫਸਰ ਕਰਮਜੀਤ ਸਿੰਘ ਤੋਂ ਇਲਾਵਾ ਹੋਰ ਕਮੇਟੀ ਮੈਂਬਰ ਵੀ ਮੌਜੂਦ ਸਨ।

# ਅਨੰਦਪੁਰੀ ਪੰਚਾਇਤ ਦੇ ਹੋਣਗੇ ਜੰਗੀ ਪੱਧਰ ਤੇ ਵਿਕਾਸ ਕਾਰਜ - ਸ਼ੀਨਾ



ਅੰਮ੍ਰਿਤਸਰ (ਲੋਕ ਬਾਣੀ)ਹਲਕਾ ਵਿਧਾਇਕ ਪੱਛਮੀ ਡਾਕਟਰ ਜਸਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਬਿਨਾਂ ਕਿਸੇ ਪੱਖਪਾਤ ਦੇ ਪਾਰਟੀਬਾਜੀ ਤੋਂ ਉੱਪਰ ਉੱਠਦਿਆਂ ਅਨੰਦਪੁਰੀ ਪੰਚਾਇਤ ਦੇ ਵਿਕਾਸ ਕਾਰਜ ਕਰਵਾਏ ਜਾਣਗੇ ਸਰਪੰਚ ਸਰਬਜੀਤ ਕੌਰ ਪਤਨੀ ਸਤਨਾਮ ਸਿੰਘ ਸ਼ੀਨਾ ਵੱਲੋਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਹਨਾਂ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਵਾਉਂਦਿਆਂ ਕਿਹਾ ਕਿ ਜਿੱਥੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜਲਦ ਸ਼ੁਰੂ ਹੋਣਗੇ ਪੰਚਾਇਤ ਵਿੱਚ ਡਿਸਪੈਂਸਰੀ ਡੀਪੂ ਸਟਰੀਟ ਲਾਈਟਾਂ ਲਗਾਉਣ ਲਈ ਜਲਦ ਉਪਰਾਲਾ ਕੀਤਾ ਜਾਵੇਗਾ ਪੂਰੇ ਇਲਾਕੇ ਦੀਆਂ ਵੱਖ ਵੱਖ ਵਾਰਡਾਂ ਦੀ ਨੁਹਾਰ ਬਦਲੀ ਜਾਵੇਗੀ ਇਸ ਮੌਕੇ ਬਲਵਿੰਦਰ ਸਿੰਘ ਉੱਪਲ ਮਜੀਠੀਆ ਰਣਦੀਪ ਸਿੰਘ ਸ਼ੀਨਾ ਪੰਚ ਰਾਜਨਦੀਪ ਸਿੰਘ ਕੁਲਦੀਪ ਸਿੰਘ ਗੁਰਪ੍ਰੀਤ ਕੌਰ ਕਿਸ਼ੋਰ ਚੰਦ ਰਣਦੀਪ ਸਿੰਘ ਛੀਨਾ ਅਰਸ਼ਦੀਪ ਸਿੰਘ ਪ੍ਰਭਜੋਤ ਸਿੰਘ ਬਾਊ ਪ੍ਰਤਾਪ ਸਿੰਘ ਤਰਲੋਕ ਸਿੰਘ ਹਰਦੇਵ ਸਿੰਘ ਬਾਠ ਪ੍ਰਧਾਨ ਨਵਤੇਜ ਸਿੰਘ ਦਲਬੀਰ ਸਿੰਘ ਬਾਠ ਸਤਿਨਾਮ ਸਿੰਘ ਢਿੱਲੋਂ ਹਰਪਾਲ ਸਿੰਘ ਢਿੱਲੋਂ ਲਖਵਿੰਦਰ ਸਿੰਘ ਸੈਕਟਰੀ ਅਮਨ ਲੁਬਾਣਾ ਰੋਬਿਨ ਉਪਲ ਅਨਮੋਲ ਉਪਲ ਸੰਦੀਪ ਸਿੰਘ ਛੀਨਾ ਕਨੇਡਾ ਹਰਪਾਲ ਸਿੰਘ ਔਲਖ ਅਮਰ ਸਿੰਘ ਬੁੱਟਰ ਅਕਵਿੰਦਰ ਸਿੰਘ ਸੰਧੂ ਸੁਖ ਚਰਨ ਸਿੰਘ ਅਰਜਨ ਕੁਮਾਰ ਜਰਨੈਲ ਸਿੰਘ ਬਲਜਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ

# ਕਰਨਵੀਰ ਹਸਪਤਾਲ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਚਾਹ, ਬਰੈਡ ਪਕੌੜਿਆਂ ਦਾ ਲਗਾਇਆ ਗਿਆ ਲੰਗਰ



ਮਲੇਰਕੋਟਲਾ, (ਲੋਕ ਬਾਣੀ)- ਸਥਾਨਕ ਕਰਨਵੀਰ ਹਸਪਤਾਲ ਦੇ ਡਾਕਟਰ ਕਰਨਵੀਰ ਸਿੰਘ ਅਤੇ ਡਾਕਟਰ ਪ੍ਰਭਲੀਨ ਕੌਰ ਵੱਲੋਂ ਆਪਣੇ ਸਮੁੱਚੇ ਸਟਾਫ ਨਾਲ ਮਿਲਕੇ ਸਰਕਾਰੀ ਹਸਪਤਾਲ ਦੇ ਸਾਹਮਣੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਚਾਹ, ਬਰੈਡ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਦੌਰਾਨ ਹਸਪਤਾਲ 'ਚ ਇਲਾਜ਼ ਕਰਵਾਉਣ ਲਈ ਆਏ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਸਮੇਤ ਆਉਂਦੀਆਂ ਜਾਂਦੀਆਂ ਸੰਗਤਾਂ ਨੇ ਗਰਮਾ-ਗਰਮ ਚਾਹ ਤੇ ਬਰੈਡ ਪਕੌੜਿਆਂ ਦਾ ਲੰਗਰ ਛੱਕ ਕੇ ਕੜਾਕੇ ਦੀ ਠੰਡ 'ਚ ਰਾਹਤ ਮਹਿਸੂਸ ਕੀਤੀ। ਕਰਨਵੀਰ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਸਿੰਘ ਅਤੇ ਡਾਇਰੈਕਟਰ ਮੈਡਮ ਸ਼ਸ਼ੀ ਸਮੇਤ ਡਾਕਟਰ ਕਰਨਵੀਰ ਸਿੰਘ ਅਤੇ ਡਾਕਟਰ ਪ੍ਰਭਲੀਨ ਕੌਰ ਨੇ ਇਸ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵੱਲੋਂ ਦਿੱਤੀ ਗਈ ਕੁਰਬਾਨੀ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਮਹਾਨ ਕੁਰਬਾਨੀ ਵਿਸ਼ਵ ਭਰ ਅੰਦਰ ਮਨੁੱਖਤਾ ਦੇ ਇਤਿਹਾਸ 'ਚ ਬੇਮਿਸ਼ਾਲ ਹੈ। ਉਨ੍ਹਾਂ ਕਿਹਾ ਕਿ ਮਾਤਾ ਗੁਜਰੀ ਜੀ ਸਮੇਤ ਸਾਹਿਬਜਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦੀ ਸ਼ਹਾਦਤ ਨੇ ਸਦੀਆਂ ਤੋਂ ਪੰਜਾਬੀਆਂ ਨੂੰ ਬੇਇਨਸਾਫੀ ਅਤੇ ਜ਼ੁਲਮ ਵਿਰੁੱਧ ਲੜਣ ਦੀ ਪ੍ਰੇਰਣਾ ਦਿੱਤੀ ਹੈ ਅਤੇ ਛੋਟੇ ਸਾਹਿਬਜ਼ਾਦਿਆਂ ਵੱਲੋਂ ਛੋਟੀ ਉਮਰ 'ਚ ਦਿੱਤੀ ਗਈ ਮਹਾਨ ਕੁਰਬਾਨੀ ਦੀ ਮਿਸ਼ਾਲ ਸੰਸਾਰ ਦੇ ਇਤਿਹਾਸ 'ਚ ਕਿਤੇ ਵੀ ਨਹੀਂ ਮਿਲਦੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ.ਚਮਨਜੋਤ ਸਿੰਘ, ਸਹਾਰਾ ਸੁਸਾਇਟੀ ਦੇ ਪ੍ਰਧਾਨ ਅਜ਼ਹਰ ਮੁਨੀਮ, ਮੁਨੀਬ ਆਲਮ, ਲਿਆਕਤ ਅਲੀ, ਇੰਤਖਾਬ ਆਲਮ, ਅੱਖਤਰ ਪਠਾਨ, ਅਕਾਸ਼ਦੀਪ ਸਿੰਘ, ਲਖਵੀਰ ਸਿੰਘ, ਮਹਿਮੂਦ ਰਾਣਾ, ਸ਼ਾਹਿਦ ਜ਼ੁਬੈਰੀ, ਸਾਧੂ, ਵਰੁਨ ਜਿੰਦਲ, ਸ਼ਾਹਿਲ ਚੋਪੜਾ ਅਤੇ ਅੱਖਤਰ ਜੂਸ ਵਾਲਾ ਆਦਿ ਵੀ ਹਾਜ਼ਰ ਸਨ।

# ਵਿਧਾਇਕ ਸੰਧੂ ਦੀ ਅਗਵਾਈ ਹੇਠ ਹੋਣਗੇ ਬਾਬਾ ਦਰਸ਼ਨ ਸਿੰਘ ਕਲੋਨੀ ਦੇ ਵਿਕਾਸ :ਸਰਪੰਚ ਸੰਧੂ



ਅੰਮ੍ਰਿਤਸਰ (ਲੋਕ ਬਾਣੀ)-) ਬਾਬਾ ਦਰਸ਼ਨ ਸਿੰਘ ਕਲੋਨੀ ਰਾਮ ਤੀਰਥ ਰੋਡ ਦੇ ਪਛੜੇ ਵਿਕਾਸ ਕਾਰਜ ਜੰਗੀ ਪੱਧਰ ਤੇ ਹਲਕਾ ਵਿਧਾਇਕ ਪੱਛਮੀ ਡਾਕਟਰ ਜਸਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਕਰਵਾਏ ਜਾਣਗੇ
ਇਹ ਵਿਚਾਰ ਨਵ ਨਿਯੁਕਤ ਸਰਪੰਚ ਅਮਨਦੀਪ ਸਿੰਘ ਬਾਬਾ ਗੁਰਜੀਤ ਸਿੰਘ ਕੁੱਲੀ ਵਾਲੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੀ ਕੀਤੇ ਉਹਨਾਂ ਕਿਹਾ ਕਿ ਹਲਕਾ ਵਿਧਾਇਕ ਪੱਛਮੀ ਡਾਕਟਰ ਜਸਬੀਰ ਸਿੰਘ ਸੰਧੂ ਦੀ ਯੋਗ ਅਗਵਾਈ ਵਿੱਚ ਹੋਣਗੇ ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਜਿੱਥੇ ਪਿਛਲੇ 15 ਸਾਲ ਤੋਂ ਬਾਬਾ ਦਰਸ਼ਨ ਸਿੰਘ ਕਲੋਨੀ ਦੀਆਂ ਵੱਖ ਵੱਖ ਵਾਰਡਾਂ ਦੇ ਵਿਕਾਸ ਪਛੜੇ ਹੋਏ ਹਨ ਉਥੇ ਉਹਨਾਂ ਦੇ ਵਿਕਾਸ ਕਾਰਜਾਂ ਨੂੰ ਜਲਦ ਵਾਅਦਿਆਂ ਨੂੰ ਪੂਰਾ ਕੀਤਾ ਜਾਵੇਗਾ ਇਸ ਮੌਕੇ ਕਰਨ ਮਾਰਬਲ ਜਥੇਦਾਰ ਬਚਨ ਸਿੰਘ ਧੌਲ ਸੁਰਜੀਤ ਸਿੰਘ ਸੰਧੂ ਡਾਕਟਰ ਕੁਲਵੰਤ ਸਿੰਘ ਐਡਵੋਕੇਟ ਸੰਦੀਪ ਸਿੰਘ ਪੱਤਰਕਾਰ ਮਿੱਠਾ ਨਵਤੇਜ ਸਿੰਘ ਵਿਰਦੀ ਠੇਕੇਦਾਰ ਰਘਬੀਰ ਸਿੰਘ ਗੁਰਦੀਪ ਸਿੰਘ ਫੌਜੀ ਜਸਪਾਲ ਸਿੰਘ ਸਤਨਾਮ ਸਿੰਘ ਰਕੇਸ਼ ਕੁਮਾਰ ਵਰਮਾ ਕੋਚ ਨੀਰਜ ਕੁਮਾਰ ਕੈਪਟਨ ਸਿੰਘ ਚੰਦਰਪਾਲ ਵਿਕਰਮ ਕੁਮਾਰ ਬਲਰਾਜ ਸਿੰਘ ਗਿੱਲ ਬਲਰਾਜ ਸਿੰਘ ਜੋਤ ਸੀਮਟ ਗੁਰਬਖਸ਼ ਸਿੰਘ ਸਮੇਤ ਕਾਫੀ ਗਿਣਤੀ ਵਿੱਚ ਕਲੋਨੀ ਨਿਵਾਸੀ ਹਾਜ਼ਰ ਸਨ

# ਨਵੇਂ ਮਿਸ਼ਨ, ਨਵੀਆਂ ਉਮੰਗਾਂ ਅਤੇ ਨਵੇਂ ਉਤਸ਼ਾਹ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਰੇਗੀ ਸਾਲ 2025 ਦਾ ਸਵਾਗਤ

ਅੰਮ੍ਰਿਤਸਰ (ਲੋਕ ਬਾਣੀ)- ਜੀਵਨ ਦਾ ਨੇਮ ਹੈ ਕਿ ਇਸ ਦਾ ਪ੍ਰਵਾਹ ਦਿਨ-ਪਰ-ਦਿਨ ਤੇ ਸਾਲ-ਪਰ-ਸਾਲ ਚਲਦਾ ਰਹਿੰਦਾ ਹੈ ਅਤੇ ਸਮਾਂ ਆਪਣੇ ਕਦਮ ਚਲਦਾ ਹੋਇਆ ਨਵੇਂ ਆਯਾਮ ਸਥਾਪਿਤ ਕਰਦਾ ਜਾਂਦਾ ਹੈ। ਸਾਲ 2024 ਵੀ ਆਪਣੇ ਅੰਦਰ ਕਈ ਯਾਦਾਂ ਸਮੋਈ ਸਾਨੂੰ ਅਲਵਿਦਾ ਕਹਿ ਰਿਹਾ ਹੈ ਅਤੇ ਸਾਲ 2025 ਨਵੀਆਂ ਉਮੀਦਾਂ ਅਤੇ ਨਵੇਂ ਜੀਵਨ ਪ੍ਰਵਾਹ ਨਾਲ ਸਾਡਾ ਸਵਾਗਤ ਕਰ ਰਿਹਾ ਹੈ। ਇਸ ਪ੍ਰਵਾਹ ਵਿਚ ਉਚੇਰੀ ਸਿਖਿਆ ਦਾ ਚਾਨਣ ਮੁਨਾਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਮਿੱਥੇ ਟੀਚੇ ਪਹੁੰਚਾਉਣ, ਆਪਣੀਆਂ ਉਪਲਬਧੀਆਂ ਦੀ ਲੜੀ ਜਾਰੀ ਰੱਖਣ ਅਤੇ ਉਚ ਪਾਏ ਦੇ ਸਮਾਜ ਸਿਰਜਣ ਦੀ ਪ੍ਰਕ੍ਰਿਆ ਵਿਚ ਕਾਰਜਸ਼ੀਲ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਾਲ 2024 ਵਿਚ ਅਕਾਦਮਿਕ, ਖੋਜ, ਖੇਡਾਂ, ਕਲਾ ਅਤੇ ਸਭਿਆਚਾਰ ਨਾਲ ਸਬੰਧਤ ਬਹੁਤ ਸਾਰੀਆਂ ਪ੍ਰਾਪਤੀਆਂ ਕਰਦਿਆਂ ਵੱਖ ਵੱਖ ਖੇਤਰਾਂ ਵਿਚ ਮੱਲ੍ਹਾਂ ਮਾਰੀਆਂ ਹਨ। ਯੂਨੀਵਰਸਿਟੀ ਦੇ ਨਵ-ਨਿਯੁਕਤ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਯੂਨੀਵਰਸਿਟੀ ਨੂੰ ਹੋਰ ਬੁਲੰਦੀਆਂ ਤੇ ਲਿਜਾਣ ਲਈ ਆਪਣੀ ਵੱਚਨਬੱਧਤਾ ਅਤੇ ਹੋਰ ਨਵੇਂ ਉਦੇਸ਼ਾਂ ਨੂੰ ਪੂਰ ਕਰਨ ਦੇ ਟੀਚਿਆਂ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਵੇਂ ਸਾਲ 20 25 ਦਾ ਸਵਾਗਤ ਕਰੇਗੀ।



ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਸੁਯੋਗ ਅਗਵਾਈ ਵਿਚ ਯੂਨੀਵਰਸਿਟੀ ਆਪਣੇ ਨਵੇਂ ਉਦੇਸ਼ਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸਰਬੱਤ ਦਾ ਭਲਾ ਤੋਂ ਪ੍ਰੇਰਨਾ ਲੈਂਦਿਆਂ ਸਿੱਖਿਆ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਣਾ ਪਹਿਲੇ ਟੀਚੇ ਵਿਚ ਸ਼ਾਮਿਲ ਹੋਵੇਗਾ। ਇਹ ਦ੍ਰਿਸ਼ਟੀ ਅੱਜ ਦੇ ਸੰਸਾਰ ਵਿੱਚ ਖਾਸ ਤੌਰ ਤੇ ਮਹੱਤਵਪੂਰਨ ਹੈ, ਜਿੱਥੇ ਵਿੱਤੀ ਰੁਕਾਵਟਾਂ, ਭੂਗੋਲਿਕ ਦੂਰੀ ਅਤੇ ਸਮਾਜਿਕ ਅਸਮਾਨਤਾਵਾਂ ਵਰਗੀਆਂ ਰੁਕਾਵਟਾਂ ਗੁਣਵੱਤਾ ਸਿੱਖਿਆ ਤੱਕ ਪਹੁੰਚ ਵਿੱਚ ਰੁਕਾਵਟ ਪਾਉਂਦੀਆਂ ਹਨ। ਪਿਛੇ ਰਹਿਣ ਵਾਲੇ ਨਾਗਰਿਕਾਂ ਜਾਂ ਉਹ ਵਿਅਕਤੀ ਜਿਹੜੇ ਕਿਸੇ ਕਾਰਨਾਂ ਕਰਕੇ ਆਪਣੀ ਉਚ ਸਿਖਿਆ ਨੂੰ ਪੂਰੇ ਨਹੀਂ ਕਰ ਸਕੇ ਜਾਂ ਉਹ ਵਿਦਿਆਰਥੀ ਜੋ ਵਸੀਲੇ ਪੂਰੇ ਨਾ ਹੋਣ ਕਰਕੇ ਸਿਖਿਆ ਪ੍ਰਾਪਤ ਨਹੀਂ ਕਰ ਸਕੇ ਉਨ੍ਹਾਂ ਨੂੰ ਸਿਖਿਆ ਦੇ ਮੌਕੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਓਪਨ ਲਰਨਿੰਗ ਅਤੇ ਔਨਲਾਈਨ ਸਿੱਖਿਆ ਪ੍ਰਣਾਲੀਆਂ ਵਿਚ ਤੇਜ਼ੀ ਲਿਆਂਦੀ ਜਾਵੇਗੀ। ਇਨੋਵੇਸ਼ਨ ਅਤੇ ਅੰਤਰ-ਵਿਭਾਗੀ ਸਹਿਯੋਗ ਰਾਹੀਂ ਯੂਨੀਵਰਸਿਟੀ ਦੇ ਵਿਭਾਗਾਂ ਵਿੱਚ ਹੀ ਨਹੀਂ ਸਗੋਂ ਬਾਹਰੀ ਸੰਸਥਾਵਾਂ ਨਾਲ ਵੀ ਨਵੀਨਤਾ ਨੂੰ ਉਤਸ਼ਾਹਿਤ ਅਤੇ ਸਹਿਯੋਗ ਵਧਾਇਆ ਜਾਵੇਗਾ। ਇਸੇ ਦੇ ਨਾਲ ਹੀ ਸਮਾਜਿਕ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਅੰਤਰ-ਅਨੁਸ਼ਾਸਨੀ ਪਹੁੰਚ ਦੀ ਲੋੜ ਤੇ ਵੀ ਜ਼ੋਰ ਦਿੱਤਾ ਜਾਵੇਗਾ। ਯੂਨੀਵਰਸਿਟੀ ਵੱਲੋਂ ਸਮਾਜ ਦੀ ਲੋੜ ਅਨੁਸਾਰ ਨਵੇਂ ਕੋਰਸ ਸ਼ੁਰੂ ਕਰਨ ਨੂੰ ਪਹਿਲ ਦਿੱਤੀ ਜਾਵੇਗੀ ਜਿਸ ਨਾਲ ਵਿਦਿਆਰਥੀ ਨੂੰ ਲਾਭ ਮਿਲੇ ਅਤੇ ਉਦਯੋਗ ਅਤੇ ਸਮਾਜ ਦੀ ਉਨਤੀ ਵਿਚ ਵਾਧਾ ਹੋਣ ਦੇ ਨਾਲ ਵਿਦਿਆਰਥੀਆਂ ਦੀ ਰੋਜ਼ਗਾਰ ਦਰ ਵੱਧ ਸਕੇ। ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਤੇ ਪ੍ਰਸਾਰ ਨੂੰ ਵੀ ਇਸ ਸਾਲ ਦੇ ਮੁੱਖ ਏਜੰਡੇ ਵਿਚ ਸ਼ਾਮਿਲ ਕੀਤਾ ਗਿਆ ਹੈ। ਯੂਨੀਵਰਸਿਟੀ ਔਨਲਾਈਨ ਸਿਖਲਾਈ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਕੇ ਪੰਜਾਬੀ ਡਾਇਸਪੋਰਾ ਦੀ ਸਹਾਇਤਾ ਕਰਨ ਲਈ ਸਮਰਪਿਤ ਹੈ। ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸੁਰੱਖਿਅਤ ਅਤੇ ਪ੍ਰਫੁੱਲਤ ਕਰਨਾ ਹੈ ਤੇ ਉਹਨਾਂ ਨੂੰ ਵਿਸ਼ਵ ਭਰ ਵਿੱਚ ਪਹੁੰਚਯੋਗ ਬਣਾਉਣਾ ਹੈ। ਯੂਨੀਵਰਸਿਟੀ ਦੇ ਯਤਨ ਵਿਚ ਇਹ ਗੱਲ ਸ਼ਾਮਿਲ ਹੋਵੇਗੀ ਕਿ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਅਤੇ ਉਨ੍ਹਾਂ ਲੋਕਾਂ, ਜੋ ਸਿੱਖਣ ਦੇ ਚਾਹਵਾਨ ਹਨ, ਤਕ ਗੁਰਮੁਖੀ ਲਿਪੀ ਆਧਾਰਤ ਡਿਜੀਟਲ ਪਲੇਟਫਾਰਮਾਂ ਦੀ ਪਹੁੰਚ ਕੀਤੀ ਜਾਵੇ।

ਹੁਣ ਦਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਵਰਗੀਆਂ ਅਤਿ-ਆਧੁਨਿਕ ਤਕਨਾਲੋਜੀਆਂ ਵਾਲਾ ਦੌਰ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇਹ ਕੋਸ਼ਿਸ਼ ਹੋਵੇਗੀ ਕਿ ਯੂਨੀਵਰਸਿਟੀ ਵੀ ਇਸ ਆਰਟੀਫੀਸ਼ੀਅਲ ਇੰਟੈਲੀਜੈਂਸ ਦੌਰ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲੇ ਅਤੇ ਵਿਦਿਆਰਥੀਆਂ ਨੂੰ ਰੁਜ਼ਗਾਰਯੋਗ ਅਤੇ ਉੱਦਮੀ ਯੋਗਤਾਵਾਂ ਦੇ ਸਮਰੱਥ ਬਣਾਏ। ਇਸ ਉਦੇਸ਼ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਹੁਨਰ-ਅਧਾਰਿਤ ਕੋਰਸਾਂ ਦੀ ਸ਼ੁਰੂਆਤ ਕਰਨ ਨੂੰ ਪਹਿਲ ਦਿੱਤੀ ਜਾਵੇਗੀ। ਦਾਖਲੇ ਨੂੰ ਵਧਾਉਣ ਦੇ ਉਦੇਸ਼ ਨਾਲ ਯੂਨੀਵਰਸਿਟੀ ਅਤੇ ਕਾਂਸਟੀਚੁਐਂਟ ਕਾਲਜਾਂ ਵਿਚ ਉਦਯੋਗ ਜਗਤ ਦੀ ਲੋੜ, ਉਦਮੀ ਨਵੀਨਤਾਵਾਂ ਅਤੇ ਸਮੇਂ ਦੀ ਲੋੜ ਵਾਲੇ ਹੋਰ ਨਵੇਂ ਹੁਨਰ-ਅਧਾਰਿਤ ਕੋਰਸ ਵੀ ਸ਼ੁਰੂ ਕੀਤੇ ਜਾਣਗੇ।

ਖੋਜ ਅਤੇ ਨਵੀਨਤਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਆਪਣੇ ਸਫ਼ਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਿਆਂ ਵਿਗਿਆਨਕ ਖੋਜ ਨੂੰ ਕੇਂਦਰ ਵਿਚ ਰੱਖਦੇ ਹੋਏ ਸਮਕਾਲੀ ਸਮਾਜਿਕ ਚੁਣੌਤੀਆਂ ਨੂੰ ਹੱਲ ਕਰਨ ਲਈ ਸਮਾਜ ਵਿਗਿਆਨ ਵਿੱਚ ਵਿਚ ਖੋਜ ਨੂੰ ਵਧਾਉਣ ਦੇ ਯਤਨਾਂ ਦੀ ਵੀ ਯੋਜਨਾ ਬਣਾ ਰਹੀ ਹੈ। ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਪਛਾਣਦੇ ਹੋਏ, ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਨੂੰ ਵੀ ਆਪਣੀ ਤਰਜੀਹੀ ਸੂਚੀ ਵਿੱਚ ਰੱਖਿਆ ਹੈ, ਜਿਸਦਾ ਉਦੇਸ਼ ਵਿਸ਼ਵ ਦ੍ਰਿਸ਼ਟੀਕੋਣ ਨੂੰ ਉਤਸ਼ਾਹਤ ਕਰਦੇ ਹੋਏ ਖੇਤਰੀ ਵਿਰਾਸਤ ਨੂੰ ਸੰਭਾਲਣਾ ਅਤੇ ਮਨਾਉਣਾ ਹੈ।

ਵਰਤਮਾਨ ਸਮੇਂ ਵਿਚ ਕੁੱਲ ਦਾਖਲਾ ਲੈਣ ਦਾ ਅਨੁਪਾਤ 29.1 ਫੀਸਦ ਹੈ ਅਤੇ ਸਾਲ 2025 ਤੋਂ ਯੂਨੀਵਰਸਿਟੀ ਦਾ ਟੀਚਾ ਹੋਵੇਗਾ ਕਿ ਜਿਵੇਂ ਕਿ ਭਾਰਤ ਸਰਕਾਰ ਦਾ ਉਦੇਸ਼ ਇਸ ਕੁੱਲ ਦਾਖਲਾ ਲੈਣ ਦਾ ਅਨੁਪਾਤ ਦੇ ਟੀਚੇ ਨੂੰ 50 ਫੀਸਦ ਤਕ ਪਹੁੰਚਾਉਣਾ ਹੈ, ਨੂੰ ਵੇਖਦੇ ਹੋਏ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਵਿਦਿਆਰਥੀਆਂ ਨੂੰ ਆਨਲਾਈਨ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਦੱਬੇ-ਕੁਚਲੇ ਅਤੇ ਪਛੜੇ ਵਰਗਾਂ, ਵੱਖ-ਵੱਖ ਤੌਰ ਤੇ ਵਿਸ਼ੇਸ਼ ਲੋੜਾਂ ਵਿਅਕਤੀਆਂ ਅਤੇ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਉੱਚ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਸਮਾਜਕ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸਮੁੱਚੇ ਭਾਈਚਾਰਕ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਯੂਨੀਵਰਸਿਟੀ ਦੀ ਜ਼ਿੰਮੇਵਾਰੀ ਅਹਿਮ ਹੈ ਅਤੇ ਯੂਨੀਵਰਸਿਟੀ ਦਾ ਅਧਿਆਪਨ ਅਮਲਾ ਕਿਸੇ ਵੀ ਅਕਾਦਮਿਕ ਸੰਸਥਾ ਦਾ ਮੂਲ ਹੁੰਦਾ ਹੈ ਜਿਸ ਨਾਲ ਦੇਸ਼ ਦਾ ਭਵਿੱਖ ਵਿਦਿਆਰਥੀ ਅਤੇ ਸਾਡਾ ਸਮਾਜ ਘੜਿਆ ਜਾਂਦਾ ਹੈ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਸੂਝ-ਬੂਝ ਵਾਲੀ ਅਗਵਾਈ ਵਿਚ ਯੂਨੀਵਰਸਿਟੀ ਦਾ ਇਹ ਉਦੇਸ਼ ਹੋਵੇਗਾ ਕਿ ਅਧਿਆਪਕਾਂ ਨੂੰ ਹੋਰ ਵੀ ਸਮਰੱਥ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ।

ਸਾਲ 2025 ਨੂੰ ਜੀ ਆਇਆਂ ਆਖਦਿਆਂ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਵਿਸ਼ਵ ਪੱਧਰ ਤੇ ਖਾਸ ਉਚਾਈ ਤਕ ਲਿਜਾਣ ਬਾਰੇ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਹ ਯੂਨੀਵਰਸਿਟੀ ਇਹ ਯਕੀਨੀ ਬਣਾਏਗੀ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਪਹਿਲਾਂ ਨਾਲੋਂ ਵੀ ਵੱਧ ਗਿਆਨਵਾਨ, ਰੋਜ਼ਗਾਰਮੁਖੀ, ਉਦਮੀ ਯੋਗਤਾਵਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਨਾਲ ਲੈੱਸ ਹੋ ਕੇ ਵਿਸ਼ਵ ਵਿਚ ਵਿਚਰਣ ਅਤੇ ਸਮਾਜ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਯੂਨੀਵਰਸਿਟੀ ਦੀ ਪਛਾਣ ਨੂੰ ਹੋਰ ਨਿਖਾਰਣ। ਉਨ੍ਹਾਂ ਇਹਨਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਫੈਕਲਟੀ, ਸਟਾਫ ਅਤੇ ਵਿਦਿਆਰਥੀਆਂ ਦੇ ਸਮੂਹਿਕ ਯਤਨਾਂ ਤੋਂ ਸਮਰਥਨ ਅਤੇ ਸਮਰਪਣ ਭਾਵਨਾ ਦੀ ਮੰਗ ਵੀ ਕੀਤੀ।

ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਆਪਣੀ ਕਾਰਜਸ਼ੈਲੀ ਅਤੇ ਉਦੇਸ਼ਾਂ ਦਾ ਮੂਲ ਸਰੋਤ ਤੇ ਆਧਾਰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦ੍ਰਿੜਾਏ 'ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ' ਅਤੇ 'ਸਰਬੱਤ ਦੇ ਭਲੇ' ਨੂੰ ਮੰਨਦੇ ਹੋਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਹੋਰ ਉਚਾਈਆਂ 'ਤੇ ਲਿਜਾਣ ਅਤੇ ਜੀਵਨ ਵਿਚ ਸਮਾਜ ਦੇ ਹੋਰ ਚੰਗੇ ਨਿਜ਼ਾਮ ਨੂੰ ਸਥਾਪਤ ਕਰਨ ਦਾ ਵਚਨ ਦਿੰਦਿਆਂ ਸਾਨੂੰ ਸਾਰਿਆਂ ਨੂੰ ਸਾਲ 2025 ਦੀ ਆਮਦ 'ਤੇ ਖੁਸ਼ੀਆਂ ਭਰੇ ਜੀਵਨ ਦੀ ਅਰਦਾਸ ਕਰਦਿਆਂ ਨਵੇਂ ਸਾਲ ਦੀ ਵਧਾਈ ਦਿੰਦੇ ਹਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow!
150+ Placements
18+ MOUs with Industries
100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
64 YEARS EDUCATIONAL EXCELLENCE
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PHYSICAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565
www.stsoldiergroup.com